© ਪੰਜਾਬ ਸਰਕਾਰ

ਐਡੀਸ਼ਨ : 2016........... 2,73,000 ਕਾਪੀਆਂ

All rights, including those of translation, reproduction
and annotation etc., are reserved by the
Punjab Government.

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ: 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਨਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ : **ਪੰਜਾਬ ਕਿਤਾਬ ਘਰ, ਜਲੰਧਰ** ਵੱਲੋਂ ਛਾਪੀ ਗਈ।

ਦੋ-ਸ਼ਬਦ

ਪੰਜਾਬ ਦੀ ਰਾਜ ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮੱਹਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ ਤੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ-ਪੁਸਤਕ ਚੌਥੀ ਸ਼੍ਰੇਣੀ (ਪਹਿਲੀ ਭਾਸ਼ਾ) ਦੇ ਵਿਦਿਆਰਥੀਆਂ ਲਈ NCF 2005 ਅਤੇ PCF 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਵਾਰਤਾਲਾਪ ਵਾਲ਼ੇ ਪਾਠ ਸ਼ਾਮਲ ਕਰਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ-ਅਭਿਆਸਾਂ ਨੂੰ ਹੱਲ ਕਰਨ ਲਈ ਅਭਿਆਸ-ਪੁਸਤਕ ਦਾ ਰੂਪ ਦਿੱਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ ਮਾਹਰ ਸ੍ਰੀਮਤੀ ਪਰਮਿੰਦਰ ਕੌਰ, ਰਜਿੰਦਰ ਚੌਹਾਨ ਨੇ ਸ੍ਰੀਮਤੀ ਅਮਰੀਤਾ ਗਿੱਲ, ਡਾਇਰੈਕਟਰ ਅਕਾਦਮਿਕ ਅਤੇ ਸ੍ਰੀਮਤੀ ਸੁਰਜੀਤ ਕੌਰ ਗਿੱਲ, ਉਪ-ਡਾਇਰੈਕਟਰ (ਰਿਟਾਇਰਡ—, ਪੰਜਾਬੀ ਵਿਕਾਸ ਕੇਂਦਰ) ਦੀ ਅਗਵਾਈ ਹੇਠ ਖੇਤਰ ਦੇ ਮਾਹਰਾਂ ਅਤੇ ਅਧਿਆਪਕਾਂ ਵਿਸ਼ੇਸ਼ ਕਰਕੇ ਡਾ. ਵਰਿੰਦਰਜੀਤ ਵਾਤਿਸ਼, ਸ. ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ, ਜਿੰਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪਾਠ-ਪੁਸਤਕ ਦੇ ਚਿੱਤਰ ਬੋਰਡ ਦੇ ਚਿੱਤਰਕਾਰ ਸ. ਅਮਰਜੀਤ ਸਿੰਘ ਵਾਲੀਆ (ਸੇਵਾ ਮੁਕਤ) ਦੁਆਰਾ ਤਿਆਰ ਕੀਤੇ ਗਏ ਹਨ ਅਤੇ ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਪਰਸਨ

ਪੰਜਾਬ ਸਕੂਲ ਸਿੱਖਿਆ ਬੋਰਡ

ਪਾਠ-ਸੂਚੀ

ਲੜੀ ਨੰ:	ਪਾਠ ਦਾ ਨਾਂ		ਲੇਖਕ ਦਾ ਨਾਂ	ਪੰਨਾ
1.	ਪ੍ਰਾਰਥਨਾ	ਕਵਿਤਾ	ਸੁਰਜੀਤ ਸਿੰਘ ਮਰਜਾਰਾ	1
2.	ਨਿੱਕੀ ਜਿੰਦ ਵੱਡੀ ਸੋਚ	ਕਹਾਣੀ	ਦਰਸ਼ਨ ਸਿੰਘ ਬਨੂੜ	4
3.	ਈਦ	ਲੇਖ	ਸੁਲਤਾਨਾ ਬੇਗ਼ਮ	9
4.	ਹਾਥੀ	ਕਵਿਤਾ	ਸ਼ਿਵ ਨਾਥ	13
5.	ਗੁੱਲੀ-ਡੰਡਾ	ਲੇਖ	ਰਵਿੰਦਰ ਕੌਰ	17
6.	ਬਾਲ ਸੁਖਦੇਵ	ਜੀਵਨੀ	ਕੋਮਲ ਸਿੰਘ	21
7.	ਸ਼ਹਿਦ ਦੀ ਮੱਖੀ	ਕਵਿਤਾ	ਬ. ਸ. ਰਤਨ	26
8.	ਵੀਰੂ ਤੇ ਮੰਗੂ	ਕਹਾਣੀ	ਹਰਨੇਕ ਸਿੰਘ ਕਲੇਰ	29
9.	ਕੀ ਖਾਈਏ, ਕੀ ਨਾ ਖਾਈਏ	ਵਾਰਤਾਲਾਪ	ਹਰਿੰਦਰ ਕੌਰ	34
10.	ਗੁਟਰ-ਗੂੰ....ਗੁਟਰ-ਗੂੰ	ਕਵਿਤਾ	ਹਰੀ ਕ੍ਰਿਸ਼ਨ ਮਾਇਰ	40
11.	ਨਾਨੀ ਦੀ ਸਿੱਖਿਆ	ਕਹਾਣੀ	ਅਵਤਾਰ ਸਿੰਘ ਬਿਲਿੰਗ	44
12.	ਮਾਤਾ ਗੁਜਰੀ ਜੀ	ਲੇਖ	ਰਵਿੰਦਰ ਕੌਰ	49
13.	ਬੁੱਝ ਤੂੰ ਮੇਰੀ ਬਾਤ	ਕਵਿਤਾ	ਦਰਸ਼ਨ ਸਿੰਘ ਆਸ਼ਟ	54
14.	ਖ਼ਤਮ ਹੋ ਰਹੀ ਖਜੂਰ	ਲੇਖ	ਹਰੇਸ਼ ਕੁਮਾਰ	59
15.	ਮੱਘੂ ਮਗਰਮੱਛ ਤੇ ਪੰਛੀ	ਕਹਾਣੀ	ਜਸਬੀਰ ਭੁੱਲਰ	63
16.	ਰੁੱਖ	ਕਵਿਤਾ	ਡਾ. ਸ੍ਰੀਮਤੀ ਵਰਿੰਦਰਜੀਤ ਵਾਤਿਸ	68
17.	ਬਾਬੇ ਭਕਨੇ ਦੀਆਂ ਪਿਆਰੀਆਂ ਗੱਲਾਂ	ਜੀਵਨੀ	ਜਸਵੀਰ ਸਿੰਘ ਜੱਸ	72
18.	ਪਤੰਗ ਚੜ੍ਹਾਈਏ	ਕਵਿਤਾ	ਹਰਨੇਕ ਸਿੰਘ ਕਲੇਰ	78

19.	ਪਟਿਆਲਾ	ਲੇਖ	ਕਰਨੈਲ ਸਿੰਘ ਸੋਮਲ	81
20.	ਆਓ ਤੇ ਜਾਓ	ਕਵਿਤਾ	ਜੋਗਾ ਸਿੰਘ	89
21.	ਮਿਹਨਤ ਦਾ ਮੁੱਲ	ਕਹਾਣੀ	ਸੁਰਿੰਦਰ ਸਿੰਘ ਕੋਹਲੀ	93
22.	ਪਾਣੀ	ਕਵਿਤਾ	ਗੁਰਮੀਤ ਸਿੰਘ ਬੈਦਵਾਣ	99
23.	ਮੇਰੇ ਨਿਸ਼ਾਨੇ	ਕਵਿਤਾ	ਦਰਸ਼ਨ ਸਿੰਘ ਅਵਾਰਾ	103

ਪੰਜਾਬੀ ਪੁਸਤਕ – 4

(ਪਹਿਲੀ ਭਾਸ਼ਾ)

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2016........... 2,73,000 ਕਾਪੀਆਂ

All rights, including those of translation, reproduction
and annotation etc., are reserved by the
Punjab Government.

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ: 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਨਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਮੁੱਲ :

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ : **ਪੰਜਾਬ ਕਿਤਾਬ ਘਰ, ਜਲੰਧਰ** ਵੱਲੋਂ ਛਾਪੀ ਗਈ।

ਪਾਠ - 1

ਪ੍ਰਾਰਥਨਾ



ਸਿਰਜਣਹਾਰੇ, ਸਭ ਦੇ ਪਿਆਰੇ
ਦੇ ਸਾਨੂੰ ਇਹ ਦਾਨ।
ਪੜ੍ਹੀਏ, ਲਿਖੀਏ, ਅੱਗੇ ਵਧੀਏ
ਕਰੀਏ ਕੰਮ ਮਹਾਨ।

ਮਾਨਵਤਾ ਦੀ ਸੇਵਾ ਕਰੀਏ
ਸੇਵਾ ਜੋ ਨਿਸ਼ਕਾਮ।
ਤੁਰਦੇ ਜਾਈਏ, ਮੰਜ਼ਲ ਪਾਈਏ
ਹੋਏ ਅਰਾਮ ਹਰਾਮ।

ਤੂੰ ਦਾਤਾ ਹੈਂ, ਸਭ ਦਾ ਮਾਲਕ
ਸਭ ਨੂੰ ਦੇਈਂ ਭਰੋਸਾ।
ਸਭ ਹੀ ਪਿਆਰਨ ਇੱਕ-ਦੂਜੇ ਨੂੰ
ਮਨ ਵਿੱਚ ਰਹੇ ਨਾ ਰੋਸਾ।

ਅੰਨ-ਧਨ ਦੂਣ ਸਵਾਇਆ ਹੋਵੇ
ਰਹੇ ਨਾ ਕੋਈ ਭੁੱਖਾ।
ਬੋਲੇ ਬੋਲ ਤਾਂ ਮਿੱਠਾ ਬੋਲੇ
ਬੋਲੇ ਨਾ ਕੋਈ ਰੁੱਖਾ।

ਮੇਰ-ਤੇਰ ਦੀਆਂ ਗੱਲਾਂ ਮੁੱਕਣ
ਹਉਮੈਂ ਰਹੇ ਨਾ ਕੋਈ।
ਚਾਰ ਦਿਸ਼ਾਵਾਂ ਵਿੱਚੋਂ ਆਵੇ
ਫੁੱਲਾਂ ਦੀ ਖ਼ੁਸ਼ਬੋਈ।

ਜਦ ਵੀ 'ਵਾਜ ਦੇਵੇ ਕੋਈ ਸਾਨੂੰ
ਕੰਮ ਓਸ ਦੇ ਆਈਏ।
ਹਰ ਪਲ ਆਪਣਾ ਲੇਖੇ ਲਾਈਏ
ਕਦਰ ਸਮੇਂ ਦੀ ਪਾਈਏ।

ਪਾਠ-ਅਭਿਆਸ

1. ਹੇਠ ਲਿਖੀਆਂ ਸਤਰਾਂ ਨੂੰ ਪੂਰਾ ਕਰੋ—

(ੳ) ਸਿਰਜਣਹਾਰੇ, ਸਭ ਦੇ ਪਿਆਰੇ
ਦੇ ਸਾਨੂੰ ਇਹ ਦਾਨ।

....

....

(ਅ) ਤੂੰ ਦਾਤਾ ਹੈਂ, ਸਭ ਦਾ ਮਾਲਕ
ਸਭ ਨੂੰ ਦੇਈਂ ਭਰੋਸਾ।

....

....

2. ਪੜ੍ਹੋ ਅਤੇ ਸਮਝੋ—

ਸਿਰਜਣਹਾਰੇ : ਸੰਸਾਰ ਨੂੰ ਬਣਾਉਣ ਵਾਲਾ, ਕਰਤਾਰ
ਮਾਨਵਤਾ : ਮਨੁੱਖਤਾ
ਨਿਸ਼ਕਾਮ : ਉਹ ਕੰਮ ਜੋ ਬਿਨਾਂ ਫਲ਼ ਦੀ ਆਸ ਤੋਂ ਕੀਤਾ ਜਾਵੇ।
ਭਰੋਸਾ : ਵਿਸ਼ਵਾਸ

ਦੂਣ-ਸਵਾਇਆ	:	ਬਹੁਤ ਜ਼ਿਆਦਾ
ਹਉਮੈਂ	:	ਹੰਕਾਰ
ਮੇਰ-ਤੇਰ	:	ਪੱਖ-ਪਾਤ, ਵਿਤਕਰਾ
ਖ਼ੁਸ਼ਬੋਈ	:	ਸੁਗੰਧੀ
ਮਹਾਨ	:	ਬਹੁਤ ਵੱਡਾ
ਕਦਰ	:	ਮਹੱਤਤਾ, ਕੀਮਤ

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ—

(ੳ) ਦਾਨ : ....

(ਅ) ਮਹਾਨ : ....

(ੲ) ਸੇਵਾ : ....

(ਸ) ਅਰਾਮ : ....

(ਹ) ਕਦਰ : ....

4. ਸੁੰਦਰ ਕਰਕੇ ਲਿਖੋ—

ਤੂੰ ਦਾਤਾ ਹੈਂ, ਸਭ ਦਾ ਮਾਲਕ
ਸਭ ਨੂੰ ਦੇਈਂ ਭਰੋਸਾ।
ਸਭ ਹੀ ਪਿਆਰਨ ਇੱਕ ਦੂਜੇ ਨੂੰ
ਮਨ ਵਿੱਚ ਰਹੇ ਨਾ ਰੋਸਾ।

....

....

....

....

ਪ੍ਰਾਰਥਨਾ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਆਪਣੀ ਸ਼੍ਰੇਣੀ ਵਿੱਚ ਸੁਣਾਓ।

******

ਪਾਠ-2

ਨਿੱਕੀ ਜਿੰਦ ਵੱਡੀ ਸੋਚ

ਬਸੰਤ ਪੰਚਮੀ ਦੀ ਛੁੱਟੀ ਹੋਣ ਕਰਕੇ ਅੱਜ ਸਾਰਾ ਪਰਿਵਾਰ ਘਰ ਹੀ ਸੀ। ਗੁਰਮੇਲ ਸਿੰਘ ਧੁੱਪੇ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਕੋਲ਼ ਹੀ ਕੁਝ ਕਿਤਾਬਾਂ ਵੀ ਪਈਆਂ ਸਨ। ਸਿਮਰਨ ਵੀ ਪਾਪਾ ਦੇ ਨੇੜੇ ਬੈਠੀ ਡ੍ਰਾਇੰਗ-ਬੁੱਕ 'ਤੇ ਤਸਵੀਰਾਂ ਵਾਹ ਰਹੀ ਸੀ। ਜਸ਼ਨ ਟੈਲੀਵੀਜ਼ਨ ਮੂਹਰੇ ਬੈਠਾ ਕਾਰਟੂਨ ਚੈਨਲ ਵੇਖ ਰਿਹਾ ਸੀ।

ਜਦੋਂ ਗੁਰਮੇਲ ਸਿੰਘ ਸੈਰ 'ਤੇ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ ਜਸ਼ਨ ਨੇ ਡ੍ਰਾਇੰਗ-ਰੂਮ ਵਿੱਚੋਂ ਹੀ ਅਵਾਜ਼ ਮਾਰਦਿਆਂ ਕਿਹਾ, "ਪਾਪਾ, ਸੈਰ ਕਰਨ ਚੱਲੇ ਹੋ ? ਮੈਂ ਅੱਜ ਤੁਹਾਡੇ ਨਾਲ਼ ਸੈਰ ਕਰਨ ਜਾਵਾਂਗਾ।"

"ਕੀ ਗੱਲ ਅੱਜ ਤੂੰ ਟਿਊਸ਼ਨ 'ਤੇ ਨਹੀਂ ਜਾਣਾ ?" ਗੁਰਮੇਲ ਸਿੰਘ ਨੇ ਬੂਟਾਂ ਦੇ ਤਸਮੇ ਕੱਸਦਿਆਂ ਕਿਹਾ।

"ਨਹੀਂ ਪਾਪਾ, ਅੱਜ ਸਾਨੂੰ ਟਿਊਸ਼ਨ ਤੋਂ ਛੁੱਟੀ ਹੈ। ਅੱਜ ਸਾਡੀ ਮੈਡਮ ਕਿਤੇ ਰਿਸ਼ਤੇਦਾਰੀ 'ਚ ਗਏ ਹੋਏ ਹਨ।"

"ਹਾਂ....ਹਾਂ..... ਪਾਪਾ, ਲੈ ਜਾਓ ਇਹਨੂੰ ਆਪਣੇ ਨਾਲ਼। ਸਵੇਰ ਦਾ ਬੈਠਾ ਹੈ, ਇਹ ਟੈਲੀਵੀਜ਼ਨ ਮੂਹਰੇ। ਪਤਾ ਨਹੀਂ ਕੀ ਲੱਭੀ ਜਾਂਦਾ ਹੈ, ਕਾਰਟੂਨ-ਚੈਨਲ 'ਚੋਂ।" ਸਿਮਰਨ ਨੇ ਸਕੂਲ ਦਾ ਬੈਗ ਰੱਖਦਿਆਂ ਕਿਹਾ।

"ਪਰ ਬੇਟਾ, ਮੈਂ ਬਹੁਤ ਦੂਰ ਤੱਕ ਜਾਣਾ ਹੈ, ਥੱਕ ਜਾਵੇਗਾ ਇਹ।"

"ਨਹੀਂ ਪਾਪਾ, ਮੈਂ ਨਹੀਂ ਥੱਕਾਂਗਾਂ।" ਜਸ਼ਨ ਗੁਰਮੇਲ ਦੇ ਮੂਹਰੇ-ਮੂਹਰੇ ਹੋ ਕੇ ਤੁਰ ਪਿਆ।

"ਚੱਲ ਫੇਰ ਪੁੱਤਰਾ, ਵੇਖਦਾਂ ਅੱਜ ਤੇਰਾ ਜ਼ੋਰ।"

ਗੁਰਮੇਲ ਸਿੰਘ ਲੰਮੀਆਂ-ਲੰਮੀਆਂ ਡਿੰਗਾਂ ਭਰਦਾ ਜਾ ਰਿਹਾ ਸੀ ਤੇ ਜਸ਼ਨ ਕਦੇ ਪਿੱਛੇ ਰਹਿ ਜਾਂਦਾ ਤੇ ਕਦੇ ਦੌੜ ਕੇ ਅੱਗੇ ਲੰਘ ਜਾਂਦਾ ਅਤੇ ਅੱਗੇ ਖੜ੍ਹ ਕੇ ਆਪਣੇ ਪਾਪਾ ਦਾ ਇੰਤਜ਼ਾਰ ਕਰਨ ਲੱਗ ਪੈਂਦਾ।

ਕੁਝ ਹੀ ਮਿੰਟਾਂ ਵਿੱਚ ਦੋਵੇਂ ਪਿਓ-ਪੁੱਤਰ ਅਬਾਦੀ ਤੋਂ ਬਾਹਰ ਨਿਕਲ਼ ਕੱਚੀ ਨਹਿਰ ਵਾਲ਼ੇ ਰਾਹ 'ਤੇ ਆ ਗਏ।

ਜਸ਼ਨ ਮੂਹਰੇ-ਮੂਹਰੇ ਤੁਰਦਾ ਖੇਤਾਂ ਵਿੱਚ ਲਹਿਲਹਾਉਂਦੀਆਂ ਫ਼ਸਲਾਂ ਨੂੰ ਨਿਹਾਰਦਾ। ਕਦੇ ਸਰ੍ਹੋਂ ਦਿਆਂ ਫੁੱਲਾਂ 'ਤੇ ਮੰਡਰਾਉਂਦੀਆਂ ਤਿਤਲੀਆਂ ਨੂੰ ਫੜਨ ਦੀ ਕੋਸ਼ਿਸ਼ ਕਰਦਾ। ਕਦੇ ਤਾਰਾਂ 'ਤੇ ਬੈਠੇ ਪੰਛੀਆਂ ਨੂੰ ਵੇਖ-ਵੇਖ ਖੁਸ਼ ਹੁੰਦਾ। ਗੁਰਮੇਲ ਸਿੰਘ ਆਪਣੀ ਧੁਨ ਵਿੱਚ ਤੇਜ਼-ਤੇਜ਼ ਤੁਰਦਾ ਜਾ ਰਿਹਾ ਸੀ। ਉਹ ਹੈਰਾਨ ਸੀ ਕਿ ਅੱਜ ਜਸ਼ਨ ਦੇ ਮਨ ਵਿੱਚ ਸੈਰ ਕਰਨ ਦਾ ਵਿਚਾਰ ਕਿਵੇਂ ਆਇਆ। ਦੋਵੇਂ ਪਿਓ-ਪੁੱਤਰ ਗੱਲਾਂ ਕਰਦੇ ਨਹਿਰ ਦੀ ਪਟੜੀ 'ਤੇ ਆ ਚੜ੍ਹੇ। ਜਿੱਥੇ ਇੱਕ ਪਾਸੇ ਰੁੱਖਾਂ ਦੇ ਝੁੰਡ ਸਨ ਅਤੇ ਇੱਕ ਪਾਸੇ ਹਰੀਆਂ-ਹਰੀਆਂ ਕਣਕਾਂ ਹੁਲਾਰੇ ਮਾਰ ਰਹੀਆਂ ਸਨ।

ਜਸ਼ਨ ਨਹਿਰ ਦੇ ਕਿਨਾਰੇ 'ਤੇ ਖੜ੍ਹ ਕੇ ਪਾਣੀ ਵਿੱਚੋਂ ਕੁਝ ਲੱਭਣ ਦੀ ਕੋਸ਼ਸ਼ ਕਰ ਰਿਹਾ ਸੀ। ਉਸ ਨੂੰ ਇਸ ਤਰ੍ਹਾਂ ਕਰਦਿਆਂ ਦੇਖ ਕੇ ਗੁਰਮੇਲ ਸਿੰਘ ਨੇ ਪੁੱਛਿਆ, "ਬੇਟਾ ਕੀ ਲੱਭ ਰਿਹਾ ਏਂ ?"

"ਪਾਪਾ ਪਰਵਾਸੀ ਪੰਛੀ ਲੱਭ ਰਿਹਾ ਹਾਂ। ਦੁਪਹਿਰੇ ਮੋਹਿਤ ਅਤੇ ਸ਼ੁਭਮ ਮੇਰੇ ਕੋਲ਼ ਆਏ ਸਨ। ਉਹ ਕਹਿ ਰਹੇ ਸਨ ਕਿ ਇਸ ਵਾਰ ਨਹਿਰ 'ਤੇ ਕਾਫ਼ੀ ਪਰਵਾਸੀ ਪੰਛੀ ਆਏ ਹੋਏ ਹਨ।

ਪੈਰਾਂ ਦਾ ਖੜਾਕ ਸੁਣ ਕੇ ਦੋ ਮੁਰਗ਼ਾਬੀਆਂ ਉਹਨਾਂ ਦੇ ਮੂਹਰਿਓਂ ਉੱਡ ਗਈਆਂ।

ਜਸ਼ਨ ਇਹਨਾਂ ਮੁਰਗ਼ਾਬੀਆਂ ਨੂੰ ਵੇਖ ਕੇ ਬਹੁਤ ਖ਼ੁਸ਼ ਹੋਇਆ। "ਪਾਪਾ ਇਹ ਤਾਂ ਬਹੁਤ ਪਿਆਰੇ ਪੰਛੀ ਨੇ। ਇਹ ਕਿੱਥੋਂ ਆਉਂਦੇ ਨੇ ?" ਇੱਕੋ ਸਾਹ ਵਿੱਚ ਉਹ ਕਿੰਨੇ ਸਾਰੇ ਸਵਾਲ ਕਰ ਗਿਆ।

ਗੁਰਮੇਲ ਸਿੰਘ ਨੇ ਜਸ਼ਨ ਦੀਆਂ ਗੱਲਾਂ ਦਾ ਜਵਾਬ ਦਿੰਦਿਆਂ ਕਿਹਾ, "ਪੁੱਤਰਾ, ਪਰਵਾਸੀ ਪੰਛੀ ਦੂਰ-ਦੁਰਾਡੇ ਦੇਸਾਂ ਤੋਂ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ ਆਉਂਦੇ ਹਨ। ਇਹਨਾਂ ਵਿੱਚ ਮੁੱਖ ਤੌਰ 'ਤੇ ਸਮੁੰਦਰੀ ਕੂੰਜਾਂ, ਅਬਾਬੀਲ, ਹੰਸ ਅਤੇ ਨੀਲਸਰ ਆਦਿ ਪੰਛੀ ਸ਼ਾਮਲ ਹਨ। ਇਹਨਾਂ ਵਿੱਚੋਂ ਕੁਝ ਪੰਛੀ ਸਾਇਬੇਰੀਆ ਤੋਂ ਵੀ ਆਉਂਦੇ ਹਨ। ਕਈ ਪੰਛੀ ਸੈਂਕੜੇ-ਹਜ਼ਾਰਾਂ ਕਿਲੋਮੀਟਰਾਂ

ਦਾ ਸਫ਼ਰ ਤੈਅ ਕਰਕੇ ਭਾਰਤ ਆਉਂਦੇ ਹਨ। ਰੁੱਤ ਬਦਲਦਿਆਂ ਹੀ ਇਹ ਪੰਛੀ ਵਾਪਸ ਚਲੇ ਜਾਂਦੇ ਹਨ। ਇਸ ਲਈ ਇਹ ਪੰਛੀ ਸਾਡੇ ਮਹਿਮਾਨ ਹੁੰਦੇ ਹਨ।"

"ਇਹ ਗੱਲ ਮੈਂ ਮੋਹਿਤ ਤੇ ਸ਼ੁਭਮ ਹੁਰਾਂ ਨੂੰ ਵੀ ਸਮਝਾਵਾਂਗਾ।" ਜਸ਼ਨ ਨੇ ਗੰਭੀਰ ਹੁੰਦਿਆਂ ਕਿਹਾ।

ਗੁਰਮੇਲ ਸਿੰਘ ਨੂੰ ਲੱਗਿਆ ਜਿਵੇਂ ਜਸ਼ਨ ਥੱਕ ਗਿਆ ਹੋਵੇ। ਪਰ ਉਹ ਸਵਾਲ 'ਤੇ ਸਵਾਲ ਕਰੀ ਜਾ ਰਿਹਾ ਸੀ। ਸਾਹਮਣੇ ਖੇਤਾਂ 'ਤੇ ਕੰਡਿਆਲ਼ੀ ਤਾਰ ਲੱਗੀ ਵੇਖ ਕੇ ਜਸ਼ਨ ਫੇਰ ਬੋਲ ਪਿਆ, "ਪਾਪਾ, ਅਹੁ ਸਾਹਮਣੇ ਵਾਲ਼ੇ ਖੇਤ ਖ਼ਾਲੀ ਕਿਉਂ ਪਏ ਨੇ ?

"ਬੇਟਾ, ਇਹ ਜ਼ਮੀਨ ਕਿਸੇ ਕਿਸਾਨ ਨੇ ਕਿਸੇ ਕੰਪਨੀ ਨੂੰ ਵੇਚ ਦਿੱਤੀ ਹੈ।"

"ਵੇਚ ਦਿੱਤੀ ਹੈ ?" ਜਸ਼ਨ ਨੇ ਹੈਰਾਨ ਹੁੰਦਿਆਂ ਕਿਹਾ।

"ਪਾਪਾ, ਦਾਦੀ ਮਾਂ ਕਹਿੰਦੇ ਸਨ ਕਿ ਇਹ ਧਰਤੀ ਤਾਂ ਪੂਜਣਯੋਗ ਹੁੰਦੀ ਹੈ ਤੇ ਨਾਲ਼ੇ ਇਹ ਸਾਡੀ ਮਾਂ ਹੁੰਦੀ ਹੈ। ਭਲਾ ਫੇਰ ਮਾਂ ਨੂੰ ਅਸੀਂ ਕਿਸ ਤਰ੍ਹਾਂ ਵੇਚ ਸਕਦੇ ਹਾਂ ?"

ਜਸ਼ਨ ਦੀਆਂ ਗੱਲਾਂ ਸੁਣ ਕੇ ਗੁਰਮੇਲ ਸਿੰਘ ਹੈਰਾਨ ਸੀ ਕਿ ਜਿਹੜੀਆਂ ਗੱਲਾਂ ਸਾਨੂੰ ਵੱਡਿਆਂ ਨੂੰ ਸੋਚਣੀਆਂ ਚਾਹੀਦੀਆਂ ਹਨ, ਉਹ ਬੱਚੇ ਸੋਚ ਰਹੇ ਹਨ। ਜ਼ਮੀਨਾਂ 'ਤੇ ਧੜਾ-ਧੜ ਉੱਸਰ ਰਹੇ ਫ਼ਲੈਟ ਅਤੇ ਖੇਤੀ ਲਈ ਘਟਦੀ ਜਾਂਦੀ ਜ਼ਮੀਨ ਜ਼ਰੂਰ ਸਾਡੇ ਲਈ ਇੱਕ ਚਿੰਤਾ ਦਾ ਵਿਸ਼ਾ ਹੈ।

ਦੂਜੇ ਪਾਸੇ ਸਫ਼ੈਦਿਆਂ ਦੇ ਰੁੱਖਾਂ ਵਿੱਚ ਕਾਂਵਾਂ ਦੀ ਕਾਂਵਾਂ-ਰੌਲ਼ੀ ਨੇ ਜਸ਼ਨ ਦਾ ਧਿਆਨ ਆਪਣੇ ਵੱਲ ਖਿੱਚਿਆ। ਉਸਨੇ ਸ਼ਾਇਦ ਏਨੇ ਸਾਰੇ ਕਾਂ ਪਹਿਲਾਂ ਨਹੀਂ ਸਨ ਵੇਖੇ। ਉਹ ਕਾਂਵਾਂ ਨੂੰ ਵੇਖ ਕੇ ਬਹੁਤ ਖ਼ੁਸ਼ ਹੋਇਆ। ਪਰ ਥੋੜ੍ਹੀ ਹੀ ਦੇਰ ਬਾਅਦ ਗੰਭੀਰ ਹੁੰਦਿਆਂ ਬੋਲਿਆਂ, "ਪਾਪਾ ਚਿੜੀਆਂ ਕਿਤੇ ਨਜ਼ਰ ਨਹੀਂ ਆਉਂਦੀਆਂ, ਕਿੱਥੇ ਗਈਆਂ ਚਿੜੀਆਂ ?"

ਗੁਰਮੇਲ ਸਿੰਘ ਵੱਲੋਂ ਕੋਈ ਜਵਾਬ ਨਾ ਆਉਂਦਾ ਦੇਖ ਕੇ ਫੇਰ ਉਹ ਆਪ ਹੀ ਜਵਾਬ ਦਿੰਦਾ ਹੋਇਆ ਬੋਲਿਆ, "ਪਾਪਾ, ਮੈਡਮ ਕਹਿੰਦੇ ਸਨ ਕਿ ਜਿਹੜੇ ਮੋਬਾਈਲ ਫ਼ੋਨਾਂ ਦੇ ਵੱਡੇ-ਵੱਡੇ ਟਾਵਰ ਲੱਗੇ ਹੋਏ ਨੇ ਇਹਨਾਂ ਵਿੱਚੋਂ ਨਿਕਲਣ ਵਾਲੀਆਂ ਤਰੰਗਾਂ ਕਰਕੇ ਬਹੁਤ ਸਾਰੇ ਪੰਛੀ ਸਾਡੇ ਕੋਲ਼ੋਂ ਦੂਰ ਚਲੇ ਗਏ ਹਨ। ਸ਼ਾਇਦ ਇਹੀ ਕਾਰਨ ਹੈ ਕਿ ਚਿੜੀਆਂ ਵੀ ਜਾਂ ਤਾਂ ਮਰ ਗਈਆਂ ਨੇ ਜਾਂ ਫੇਰ ਦੂਰ-ਦੁਰਾਡੇ ਕਿਧਰੇ ਪਹਾੜਾਂ ਵੱਲ ਚਲੀਆਂ ਗਈਆਂ ਨੇ।"

"ਹਾਂ ਪੁੱਤਰਾ ਠੀਕ ਕਹਿੰਦੇ ਨੇ ਤੇਰੇ ਮੈਡਮ। ਜਿੱਥੇ ਸਾਨੂੰ ਇਹਨਾਂ ਚੀਜ਼ਾਂ ਦੇ ਲਾਭ ਹੋਏ ਨੇ ਉੱਥੇ ਸਾਨੂੰ ਇਹਨਾਂ ਕਰਕੇ ਬਹੁਤ ਕੁਝ ਗੁਆਉਣਾ ਵੀ ਪਿਆ ਹੈ।"

ਗੱਲਾਂ-ਬਾਤਾਂ ਕਰਦਿਆਂ ਪਤਾ ਹੀ ਨਹੀਂ ਲੱਗਿਆ ਕਿ ਗੁਰਮੇਲ ਸਿੰਘ ਤੇ ਜਸ਼ਨ ਕਦੋਂ ਘਰ ਪਹੁੰਚ ਗਏ। ਜਸ਼ਨ ਘਰ ਆਉਂਦਿਆਂ ਫੇਰ ਖੇਡਣ ਵਿੱਚ ਮਗਨ ਹੋ ਗਿਆ, ਪਰੰਤੂ ਗੁਰਮੇਲ ਸਿੰਘ ਅਜੇ ਵੀ ਜਸ਼ਨ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਜਸ਼ਨ ਨੇ ਆਪਣੇ ਪਿਤਾ ਜੀ ਨੂੰ ਕੀ ਕਿਹਾ ?

....

....

(ਅ) ਜਸ਼ਨ ਨੇ ਸੈਰ ਦਾ ਅਨੰਦ ਕਿਵੇਂ ਮਾਣਿਆ ?

....

....

(ੲ) ਪਰਵਾਸੀ ਪੰਛੀ ਕਿਨ੍ਹਾਂ ਨੂੰ ਆਖਦੇ ਹਨ ?

....

....

(ਸ) ਜ਼ਮੀਨ ਕਿਉਂ ਘੱਟਦੀ ਜਾ ਰਹੀ ਹੈ ?

....

....

(ਹ) ਚਿੜੀਆਂ ਦੇ ਲੋਪ ਹੋਣ ਦਾ ਕੀ ਕਾਰਨ ਹੈ ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ—

(ੳ) ਸਿਮਰਨ ਵੀ ਪਾਪਾ ਦੇ ਨੇੜੇ ਬੈਠੀ ਡ੍ਰਾਇੰਗ-ਬੁੱਕ 'ਤੇ .... ਵਾਹ ਰਹੀ ਸੀ।

(ਅ) ਗੁਰਮੇਲ ਸਿੰਘ ਆਪਣੀ ਧੁਨ ਵਿੱਚ .... ਤੁਰਦਾ ਜਾ ਰਿਹਾ ਸੀ।

(ੲ) ਜਸ਼ਨ ਨਹਿਰ ਦੇ ਕਿਨਾਰੇ 'ਤੇ ਖੜ੍ਹ ਕੇ .... ਵਿੱਚੋਂ ਕੁੱਝ ਲੱਭਣ ਦੀ ਕੋਸ਼ਸ਼ ਕਰ ਰਿਹਾ ਸੀ।

(ਸ) .... ਬਦਲਦਿਆਂ ਹੀ ਇਹ ਪੰਛੀ ਵਾਪਸ ਚਲੇ ਜਾਂਦੇ ਹਨ।

(ਹ) ਉਹ .... ਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ।

(ਰੁੱਤ, ਪਾਣੀ, ਤਸਵੀਰਾਂ, ਕਾਂਵਾਂ, ਤੇਜ਼-ਤੇਜ਼)

3. ਪੜ੍ਹੋ ਤੇ ਸਮਝੋ—

ਇੰਤਜ਼ਾਰ	ਉਡੀਕ
ਧੁਨ	ਧਿਆਨ, ਲਗਨ
ਮਹਿਮਾਨ	ਪਰਾਹੁਣੇ
ਗੰਭੀਰ	ਸੋਚ-ਵਿਚਾਰ ਵਾਲਾ, ਸੰਜੀਦਾ
ਤਰੰਗਾਂ	ਲਹਿਰਾਂ
ਮਗਨ	ਮਸਤ, ਲੀਨ

4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ —

(ੳ) ਅਖ਼ਬਾਰ ....

(ਅ) ਤਸਵੀਰਾਂ ....

(ੲ) ਪਰਵਾਸੀ ....

(ਸ) ਧੜਾ-ਧੜ ....

(ਹ) ਲਾਭ ....

ਆਪਣੇ ਅਧਿਆਪਕ ਕੋਲੋਂ ਹੋਰ
ਪੰਛੀਆਂ ਬਾਰੇ ਜਾਣਕਾਰੀ ਪ੍ਰਾਪਤ ਕਰੋ।

******

ਪਾਠ-3

ਈਦ

ਅੱਜ ਈਦ ਦਾ ਤਿਉਹਾਰ ਹੈ। ਹਰ ਪਾਸੇ ਖ਼ੁਸ਼ੀ ਹੀ ਖ਼ੁਸ਼ੀ ਹੈ। ਇਹ ਤਿਉਹਾਰ ਸਾਡੇ ਹੋਰ ਤਿਉਹਾਰਾਂ ਵਾਂਗ ਬੜੀ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ।

ਇਹ ਤਿਉਹਾਰ ਰਮਜ਼ਾਨ ਦੇ ਮਹੀਨੇ ਤੋਂ ਬਾਅਦ ਆਉਂਦਾ ਹੈ। ਰਮਜ਼ਾਨ ਵਿੱਚ ਤੀਹ ਰੋਜ਼ੇ ਰੱਖੇ ਜਾਂਦੇ ਹਨ। ਰੋਜ਼ਿਆਂ ਵਿੱਚ ਲੋਕ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੁਝ ਵੀ ਨਹੀਂ ਖਾਂਦੇ-ਪੀਂਦੇ। ਜਦੋਂ ਅਖੀਰਲਾ ਰੋਜ਼ਾ ਹੁੰਦਾ ਹੈ, ਉਸ ਰਾਤ ਚੰਦ ਦਿਖਾਈ ਦਿੰਦਾ ਹੈ। ਉਸ ਤੋਂ ਅਗਲੇ ਦਿਨ ਈਦ ਮਨਾਈ ਜਾਂਦੀ ਹੈ। ਇਸ ਈਦ ਨੂੰ 'ਈਦ-ਉੱਲ-ਫ਼ਿਤਰ' ਆਖਦੇ ਹਨ। ਇਸ ਨੂੰ 'ਮਿੱਠੀ-ਈਦ' ਵੀ ਕਿਹਾ ਜਾਂਦਾ ਹੈ।

ਹਰ ਵਾਰ ਦੀ ਤਰ੍ਹਾਂ, ਇਸ ਵਾਰੀ ਵੀ ਕਈ ਦਿਨ ਪਹਿਲਾਂ ਤੋਂ ਹੀ ਈਦ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਬਜ਼ਾਰਾਂ ਵਿੱਚ ਬੜੀ ਰੌਣਕ ਹੈ। ਕੋਈ ਕੱਪੜਾ ਖ਼ਰੀਦ ਰਿਹਾ ਹੈ ਤੇ ਕੋਈ ਜੁੱਤੀ। ਕੁਝ ਲੋਕ ਸੇਵੀਆਂ ਤੇ ਮਿਠਿਆਈ ਖ਼ਰੀਦ ਰਹੇ ਹਨ। ਚੂੜੀਆਂ ਦੀਆਂ ਦੁਕਾਨਾਂ 'ਤੇ ਔਰਤਾਂ ਦੀ ਭੀੜ ਲੱਗੀ ਹੋਈ ਹੈ।

ਅੱਜ ਸਵੇਰ ਹੁੰਦੇ ਹੀ ਸਭ ਨੇ ਨ੍ਹਾ-ਧੋ ਕੇ ਨਵੇਂ ਕੱਪੜੇ ਪਾ ਲਏ ਹਨ। ਹਰ ਬੰਦਾ ਖ਼ੁਸ਼ ਦਿਖਾਈ ਦੇ ਰਿਹਾ ਹੈ। ਈਦ ਦੀ ਨਮਾਜ਼ ਦੀਆਂ ਤਿਆਰੀਆਂ ਹੋ ਰਹੀਆਂ ਹਨ। ਘਰ-ਘਰ ਸੇਵੀਂਆਂ ਪਕਾਈਆਂ ਜਾ ਰਹੀਆਂ ਹਨ।

ਬੱਚਿਆਂ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ। ਸੁਹੇਲ ਬਹੁਤ ਖ਼ੁਸ਼ ਹੈ। ਉਸ ਦੇ ਅੱਬਾ ਨੇ ਉਸ ਲਈ ਨਵਾਂ ਕੁੜਤਾ-ਪਜਾਮਾ ਸਵਾਇਆ ਹੈ। ਨਵੇਂ ਕੱਪੜੇ ਪਾ ਕੇ ਉਹ 'ਈਦਗਾਹ' ਜਾਣ ਦੀ ਤਿਆਰੀ ਕਰ ਰਿਹਾ ਹੈ। ਉਸ ਦੀ ਛੋਟੀ ਭੈਣ ਸ਼ਬਨਮ ਨੇ ਵੀ ਨਵੀਂ ਸਲਵਾਰ-ਕਮੀਜ਼ ਪਾਈ ਹੈ। ਉਹ ਗੋਟੇ ਵਾਲ਼ੀ ਚੁੰਨੀ ਲੈ ਕੇ ਬਹੁਤ ਖ਼ੁਸ਼ ਹੈ।

ਲੋਕ ਈਦਗਾਹ ਵੱਲ ਚੱਲ ਪਏ ਹਨ। ਨਾਲ਼ ਬੱਚੇ ਵੀ ਜਾ ਰਹੇ ਹਨ। ਉਹ ਖ਼ੁਸ਼ੀ ਵਿੱਚ ਨੱਚਦੇ-ਟੱਪਦੇ ਜਾ ਰਹੇ ਹਨ। ਸਭ ਲੋਕ ਈਦਗਾਹ ਪਹੁੰਚ ਗਏ ਹਨ। ਉੱਥੇ ਸਭ ਨੇ ਕਤਾਰਾਂ ਵਿੱਚ ਖੜ੍ਹੇ ਹੋ ਕੇ ਨਮਾਜ਼ ਪੜ੍ਹੀ। ਨਮਾਜ਼ ਪੜ੍ਹ ਕੇ, ਹੱਥ ਉਠਾ ਕੇ ਖ਼ੁਦਾ ਤੋਂ ਦੁਆ ਮੰਗੀ। ਇਸ ਤੋਂ ਬਾਅਦ ਸਭ ਇੱਕ-ਦੂਜੇ ਦੇ ਗਲ਼ੇ ਮਿਲ਼ੇ। ਸਭ ਨੇ ਇੱਕ-ਦੂਜੇ ਨੂੰ ਈਦ ਦੀ ਮੁਬਾਰਕਬਾਦ ਦਿੱਤੀ।



ਈਦਗਾਹ ਦੇ ਬਾਹਰ ਮੇਲਾ ਲੱਗਿਆ ਹੋਇਆ ਹੈ। ਮਿਠਿਆਈ ਤੇ ਖਿਡੌਣਿਆਂ ਦੀਆਂ ਦੁਕਾਨਾਂ ਸਜੀਆਂ ਹੋਈਆਂ ਹਨ। ਮੇਲ਼ੇ ਵਿੱਚ ਝੂਲੇ ਵੀ ਲੱਗੇ ਹੋਏ ਹਨ। ਬੱਚੇ ਝੂਟੇ ਲੈ ਰਹੇ ਹਨ। ਸੁਹੇਲ ਦੇ ਅੱਬਾ ਨੇ ਮਿਠਿਆਈ ਖ਼ਰੀਦੀ। ਖਿਡੌਣਿਆਂ ਦੀ ਦੁਕਾਨ ਤੋਂ ਸੁਹੇਲ ਨੇ ਆਪਣੇ ਲਈ ਇੱਕ ਖਿਡੌਣਾ, ਜਹਾਜ਼ ਖ਼ਰੀਦਿਆ। ਉਸ ਨੇ ਆਪਣੀ ਭੈਣ ਸ਼ਬਨਮ ਲਈ ਨੱਚਣ ਵਾਲ਼ਾ ਇੱਕ ਰਿੱਛ ਖ਼ਰੀਦਿਆ।

ਸਭ ਖ਼ੁਸ਼ੀ-ਖ਼ੁਸ਼ੀ ਘਰ ਮੁੜ ਆਏ। ਸੁਹੇਲ ਨੂੰ ਦੇਖਦੇ ਹੀ ਸ਼ਬਨਮ ਭੱਜੀ ਆਈ। ਸੁਹੇਲ ਨੇ ਉਸ ਨੂੰ ਖਿਡੌਣੇ ਤੇ ਮਿਠਿਆਈ ਦਿੱਤੀ। ਸ਼ਬਨਮ ਖ਼ੁਸ਼ ਹੋ ਗਈ।

ਸੁਹੇਲ ਦਾ ਦੋਸਤ ਅਮਨ ਤੇ ਇਕਬਾਲ ਵੀ ਈਦ ਦੀ ਮੁਬਾਰਕਬਾਦ ਦੇਣ ਉਸ ਦੇ ਘਰ ਆਏ। ਸੁਹੇਲ ਦੀ ਅੰਮੀ ਨੇ ਉਹਨਾਂ ਨੂੰ ਵੀ ਸੇਵੀਆਂ ਤੇ ਮਿਠਿਆਈ ਖੁਆਈ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਈਦ ਕਦੋਂ ਮਨਾਈ ਜਾਂਦੀ ਹੈ?

....

....

(ਅ) ਈਦਗਾਹ ਪਹੁੰਚ ਕੇ ਸਭ ਨੇ ਕੀ ਕੀਤਾ?

....

....

(ੲ) ਮੇਲੇ ਵਿੱਚ ਕੀ ਕੁਝ ਸੀ?

....

....

(ਸ) ਸੁਹੇਲ ਨੇ ਮੇਲੇ ਵਿੱਚੋਂ ਕੀ ਖ਼ਰੀਦਿਆ?

....

....

(ਹ) ਅੰਮੀ ਨੇ ਸੁਹੇਲ ਦੇ ਦੋਸਤਾਂ ਨੂੰ ਕੀ ਖੁਆਇਆ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :-

(ੳ) .... ਵਿੱਚ ਤੀਹ ਰੋਜ਼ੇ ਰੱਖੇ ਜਾਂਦੇ ਹਨ।

(ਅ) ਘਰ-ਘਰ .... ਪਕਾਈਆਂ ਜਾ ਰਹੀਆਂ ਹਨ।

(ੲ) ਸਭ ਲੋਕ .... ਪਹੁੰਚ ਗਏ।

(ਸ) ਨਮਾਜ਼ ਪੜ੍ਹ ਕੇ, ਹੱਥ ਉਠਾ ਕੇ .... ਤੋਂ ਦੁਆ ਮੰਗੀ।

(ਹ) ਸਭ ਨੇ ਇੱਕ-ਦੂਜੇ ਨੂੰ .... ਦੀ ਮੁਬਾਰਕਬਾਦ ਦਿੱਤੀ।

(ਈਦਗਾਹ, ਈਦ, ਰਮਜ਼ਾਨ, ਸੇਵੀਆਂ, ਖ਼ੁਦਾ)

3. ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :

— ਈਦ : ਮੁਸਲਮਾਨਾਂ ਦਾ ਇੱਕ ਤਿਉਹਾਰ ਜੋ ਰੋਜ਼ਿਆਂ ਪਿੱਛੋਂ ਆਉਂਦਾ ਹੈ।

— ਰਮਜ਼ਾਨ : ਹਿਜਰੀ ਸਾਲ ਦਾ ਨੌਂਵਾਂ ਮਹੀਨਾ ਹੈ ਜਿਸ ਵਿੱਚ ਮੁਸਲਮਾਨ ਰੋਜ਼ੇ ਰੱਖਦੇ ਹਨ।

— ਰੋਜ਼ਾ : ਵਰਤ, ਜੋ ਮੁਸਲਮਾਨ ਧਾਰਮਿਕ ਫ਼ਰਜ਼ ਸਮਝ ਕੇ ਰੱਖਦੇ ਹਨ।

4. ਪੜ੍ਹੋ ਅਤੇ ਸਮਝੋ :

ਬੱਚਾ	:	ਬੱਚੇ
ਝੂਲਾ	:	ਝੂਲੇ
ਰੋਜ਼ਾ	:	ਰੋਜ਼ੇ
ਕੱਪੜਾ	:	ਕੱਪੜੇ
ਖਿਡੌਣਾ	:	ਖਿਡੌਣੇ
ਕੁੜਤਾ	:	ਕੁੜਤੇ

5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਤਿਉਹਾਰ : ....

ਖ਼ੁਦਾ : ....

ਦੁਆ : ....

ਮੁਬਾਰਕਬਾਦ : ....

ਮਿਠਿਆਈ : ....

6. ਇਸ ਪਾਠ ਵਿੱਚ ਆਏ ਜੋੜੇ-ਜੋੜੇ ਸ਼ਬਦ ਲਿਖੋ, ਜਿਵੇਂ ਉਦਾਹਰਨ ਵਿੱਚ ਦੱਸਿਆ ਗਿਆ ਹੈ :

ਉਦਾਹਰਨ : ਕੁੜਤਾ-ਪਜਾਮਾ

....

ਈਦ ਵਾਲ਼ੇ ਦਿਨ ਆਪਣੇ ਮਾਤਾ ਜੀ ਤੋਂ ਸੇਵੀਆਂ ਬਣਵਾ ਕੇ, ਆਪਣੇ ਪਰਿਵਾਰ ਨੂੰ ਤੇ ਦੋਸਤਾਂ ਨੂੰ ਖੁਆਓ।

******

ਪਾਠ - 4

ਹਾਥੀ

ਸਾਡੇ ਪਿੰਡ ਵਿੱਚ
ਹਾਥੀ ਆਇਆ
ਤੁਰਦਾ ਲੱਗੇ ਪਹਾੜ।
ਵੇਖ ਕੇ ਉਸ ਨੂੰ
ਕੁੱਤੇ ਭੌਂਕੇ
ਖੁੱਲ੍ਹੇ, ਬੰਦ ਕਿਵਾੜ।

ਛੱਜਾਂ ਵਰਗੇ
ਕੰਨ ਸੀ ਉਹਦੇ
ਚੱਕੀ-ਪੁੜ ਜਿਹੇ ਪੈਰ।
ਜੋ ਵੀ ਉਹਨਾਂ
ਹੇਠ ਆ ਗਿਆ
ਨਹੀਂ ਰਤਾ ਵੀ ਖ਼ੈਰ।
ਪੇਟ ਭਰਨ ਲਈ
ਟੱਪ ਗਿਆ ਉਹ
ਹਰੇ ਖੇਤ ਦੀ ਵਾੜ।

ਮੂੰਹ 'ਚੋਂ ਨਿਕਲ਼ੇ ਦੰਦ
ਜਿਵੇਂ ਦੋ ਲਿਸ਼ਕਦੀਆਂ ਤਲਵਾਰਾਂ।
ਅੱਖਾਂ ਤੋਂ ਸ਼ਰਮਾਕਲ ਜਾਪੇ
ਜਦ ਮੈਂ ਝਾਤੀ ਮਾਰਾਂ।
ਤੁਰਦਾ ਬੇਪਰਵਾਹਾਂ ਵਾਂਗੂੰ
ਸਿਰ ਤੋਂ ਬੋਝ ਉਤਾਰ।

ਲੰਮ-ਸਲੰਮੀ
ਸੁੰਡ ਸੀ ਉਹਦੀ
ਹੋਵੇ ਜਿਵੇਂ ਸਰਾਲ਼।
ਇੱਕੋ ਵਾਰ 'ਚ
ਥੱਬਾ ਚਾਰਾ
ਪੁੱਟ ਲਵੇ ਉਸ ਨਾਲ਼।
ਕੁਝ ਨੂੰ ਤਾਂ ਉਹ
ਨਿਗਲ਼ ਗਿਆ ਸੀ
ਕੁਝ ਨੂੰ ਗਿਆ ਲਿਤਾੜ।

ਭਰ-ਭਰ ਸੁੰਡ
ਫੁਹਾਰੇ ਛੱਡੇ
ਜਦੋਂ ਨਹਿਰ ਵਿੱਚ ਨ੍ਹਾਵੇ।
ਇਉਂ ਲੱਗਦਾ ਸੀ
ਨ੍ਹਾ ਕੇ ਉਸ ਨੂੰ
ਮਜ਼ਾ ਬੜਾ ਹੀ ਆਵੇ।
ਪਲ ਵਿੱਚ ਉਸ ਨੂੰ
ਭੁੱਲ ਗਿਆ ਸੀ
ਤਪਦਾ, ਭਖਦਾ ਹਾੜ੍ਹ।

ਸਾਡੇ ਪਿੰਡ ਵਿੱਚ
ਹਾਥੀ ਆਇਆ
ਤੁਰਦਾ ਲੱਗੇ ਪਹਾੜ।
ਵੇਖ ਕੇ ਉਸ ਨੂੰ
ਕੁੱਤੇ ਭੌਂਕੇ
ਖੁੱਲ੍ਹੇ, ਬੰਦ ਕਿਵਾੜ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਹਾਥੀ ਤੁਰਦਾ ਹੋਇਆ ਕਿਹੋ ਜਿਹਾ ਲੱਗਦਾ ਹੈ?

....

....

(ਅ) ਹਾਥੀ ਦੇ ਕੰਨ ਕਿਹੋ ਜਿਹੇ ਹੁੰਦੇ ਹਨ?

....

....

(ੲ) ਹਾਥੀ ਦੇ ਮੂੰਹ 'ਚੋਂ ਨਿਕਲ਼ੇ ਦੰਦ ਕਿਵੇਂ ਲੱਗਦੇ ਹਨ?

....

....

(ਸ) ਹਾਥੀ ਦੀ ਸੁੰਡ ਕਿਹੋ ਜਿਹੀ ਹੁੰਦੀ ਹੈ?

....

....

(ਹ) ਨਹਿਰ ਵਿੱਚ ਨ੍ਹਾਉਂਦਾ ਹਾਥੀ ਕੀ ਕਰ ਰਿਹਾ ਸੀ?

....

....

2. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :

ਹਾਥੀ	ਸਰਾਲ਼
ਕੰਨ	ਚੱਕੀ-ਪੁੜ
ਦੰਦ	ਛੱਜਾਂ ਵਰਗੇ
ਸੁੰਡ	ਲਿਸ਼ਕਦੀਆਂ ਤਲਵਾਰਾਂ
ਪੈਰ	ਪਹਾੜ

3. ਹਾਥੀ ਬਾਰੇ ਦਸ ਵਾਕ ਲਿਖੋ।

....

....

....

....

....

....

....

....

....

....

....

....

ਆਪਣੇ ਅਧਿਆਪਕ ਜੀ ਦੀ
ਮਦਦ ਨਾਲ਼ ਹਾਥੀ ਦਾ ਚਿੱਤਰ ਬਣਾਓ।

******

ਪਾਠ-5

ਗੁੱਲੀ-ਡੰਡਾ

ਗੁੱਲੀ-ਡੰਡਾ ਪੰਜਾਬੀਆਂ ਦੀ ਦਿਲਚਸਪ ਖੇਡ ਹੈ। ਕੁਝ ਸਮਾਂ ਪਹਿਲਾਂ ਤਾਂ ਗੁੱਲੀ-ਡੰਡਾ ਖੇਡਦੇ ਬੱਚੇ ਆਮ ਹੀ ਦਿਖਾਈ ਦਿੰਦੇ ਸਨ। ਅੱਜ-ਕੱਲ੍ਹ ਇਸ ਖੇਡ ਦਾ ਰਿਵਾਜ ਘੱਟ ਗਿਆ ਹੈ।

ਇਸ ਖੇਡ ਨੂੰ ਛੋਟੀ ਉਮਰ ਦੇ ਬੱਚੇ ਤੋਂ ਲੈ ਕੇ ਵੱਡੀ ਉਮਰ ਤੱਕ ਦੇ ਬੱਚੇ ਖੇਡ ਸਕਦੇ ਹਨ। ਹੋਰ ਦੇਸੀ ਖੇਡਾਂ ਵਾਂਗ ਗੁੱਲੀ-ਡੰਡਾ ਖੇਡ ਖੇਡਣ ਲਈ ਵੀ ਕੋਈ ਖ਼ਾਸ ਸਮਾਨ ਦੀ ਜ਼ਰੂਰਤ ਨਹੀਂ ਹੁੰਦੀ। ਇਹ ਖੇਡ ਖੇਡਣ ਲਈ ਬੱਸ ਲੱਕੜ ਦੀ ਇੱਕ ਗੁੱਲੀ ਅਤੇ ਇੱਕ ਡੰਡਾ ਹੀ ਚਾਹੀਦਾ ਹੈ। ਗੁੱਲੀ ਪੰਜ-ਛੇ ਇੰਚ ਲੰਮੀ ਅਤੇ ਡੇਢ-ਦੋ ਇੰਚ ਮੋਟੀ ਹੁੰਦੀ ਹੈ। ਗੁੱਲੀ ਨੂੰ ਦੋਹਾਂ ਸਿਰਿਆਂ ਤੋਂ ਘੜਿਆ ਹੁੰਦਾ ਹੈ। ਡੰਡੇ ਦੀ ਲੰਬਾਈ ਦੋ-ਢਾਈ ਫੁੱਟ ਹੁੰਦੀ ਹੈ।

ਗੁੱਲੀ-ਡੰਡੇ ਦੀ ਖੇਡ ਕ੍ਰਿਕਟ ਅਤੇ ਬੇਸਬਾਲ ਦੀ ਖੇਡ ਨਾਲ਼ ਕਾਫ਼ੀ ਮੇਲ਼ ਖਾਂਦੀ ਹੈ। ਕ੍ਰਿਕਟ ਅਤੇ ਬੇਸਬਾਲ ਦੀ ਖੇਡ ਵਿੱਚ ਬੱਲੇ ਨਾਲ਼ ਗੇਂਦ ਨੂੰ ਟੁੱਲਾ ਮਾਰ ਕੇ ਦੂਰ ਸੁੱਟਿਆ ਜਾਂਦਾ ਹੈ, ਜਦੋਂ ਕਿ ਗੁੱਲੀ-ਡੰਡੇ ਵਿੱਚ ਡੰਡੇ ਨਾਲ਼ ਗੁੱਲੀ ਨੂੰ ਉਭਾਰ ਕੇ ਦੂਰ ਸੁੱਟਿਆ ਜਾਂਦਾ ਹੈ। ਕ੍ਰਿਕਟ ਦੀ ਖੇਡ ਵਿੱਚ ਗੇਂਦ ਨੂੰ ਹਵਾ ਵਿੱਚ ਬੋਚਣ ਨਾਲ਼, ਟੁੱਲਾ ਮਾਰਨ ਵਾਲ਼ਾ ਖਿਡਾਰੀ ਆਊਟ ਹੋ ਜਾਂਦਾ ਹੈ। ਇਸੇ ਤਰ੍ਹਾਂ ਗੁੱਲੀ-ਡੰਡੇ ਦੀ ਖੇਡ ਵਿੱਚ ਗੁੱਲੀ ਬੋਚਣ ਨਾਲ਼, ਗੁੱਲੀ ਸੁੱਟਣ ਵਾਲ਼ਾ ਖਿਡਾਰੀ ਵੀ ਖੇਡ ਤੋਂ ਬਾਹਰ ਸਮਝਿਆ ਜਾਂਦਾ ਹੈ। ਕ੍ਰਿਕਟ ਦੀ ਖੇਡ ਵਿੱਚ ਵਿਕਟਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਗੁੱਲੀ-ਡੰਡੇ ਦੀ ਖੇਡ ਵਿੱਚ ਡੰਡੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਗੁੱਲੀ-ਡੰਡੇ ਦੀ ਖੇਡ ਖੇਡਣ ਲਈ ਖਿਡਾਰੀਆਂ ਦੀ ਕੋਈ ਖ਼ਾਸ ਗਿਣਤੀ ਨਿਸਚਿਤ ਨਹੀਂ ਹੁੰਦੀ ਹੈ। ਖੇਡਣ ਲਈ ਘੱਟੋ-ਘੱਟ ਦੋ ਖਿਡਾਰੀ ਚਾਹੀਦੇ ਹਨ। ਇਹ ਖੇਡ ਖੇਡਣ ਲਈ ਜਿੰਨੇ ਬੱਚੇ ਇਕੱਠੇ ਹੁੰਦੇ ਹਨ, ਉਹਨਾਂ ਨੂੰ ਬਰਾਬਰ ਦੋ ਟੋਲੀਆਂ ਵਿੱਚ ਵੰਡ ਲਿਆ ਜਾਂਦਾ ਹੈ। ਇਹ ਖੇਡ ਸ਼ੁਰੂ ਕਰਨ ਤੋਂ ਪਹਿਲਾਂ ਦੋਵੇਂ ਟੋਲੀਆਂ ਦੇ ਮੁਖੀ, ਗੁੱਲੀ ਨੂੰ ਆਪਣੇ-ਆਪਣੇ ਡੰਡੇ 'ਤੇ ਬੁੜ੍ਹਕਾਉਂਦੇ ਹਨ। ਜਿਹੜਾ ਖਿਡਾਰੀ ਗੁੱਲੀ ਨੂੰ ਡੰਡੇ 'ਤੇ ਬਹੁਤੀ ਵਾਰੀ ਬੁੜ੍ਹਕਾ ਲੈਂਦਾ ਹੈ, ਉਸ ਨੂੰ ਪਹਿਲਾਂ ਵਾਰੀ ਮਿਲ਼ ਜਾਂਦੀ ਹੈ।

ਗੁੱਲੀ-ਡੰਡਾ ਖੇਡ, ਖੇਡਣ ਲਈ ਖੁੱਲ੍ਹੀ ਥਾਂ ਚਾਹੀਦੀ ਹੈ। ਉਂਞ ਤਾਂ ਬੱਚੇ ਗਲ਼ੀਆਂ ਵਿੱਚ, ਘਰਾਂ ਦੇ ਵਿਹੜਿਆਂ ਵਿੱਚ ਵੀ ਇਹ ਖੇਡ, ਖੇਡ ਲੈਂਦੇ ਹਨ ਪਰ ਆਉਂਦੇ ਜਾਂਦੇ ਰਾਹੀਆਂ ਦੇ ਗੁੱਲੀ ਲੱਗਣ ਦਾ ਡਰ ਰਹਿੰਦਾ ਹੈ। ਇਸ ਲਈ ਇਹ ਖੇਡ, ਖੁੱਲ੍ਹੇ ਮੈਦਾਨ ਵਿੱਚ ਹੀ ਖੇਡਣੀ ਚਾਹੀਦੀ ਹੈ।

ਗੁੱਲੀ-ਡੰਡਾ ਖੇਡ ਸ਼ੁਰੂ ਕਰਨ ਤੋਂ ਪਹਿਲਾਂ ਗਿੱਠ ਕੁ ਲੰਮੀ ਅਤੇ ਕੁਝ ਡੂੰਘੀ 'ਘੁੱਤੀ' ਧਰਤੀ ਵਿੱਚ ਪੁੱਟੀ ਜਾਂਦੀ ਹੈ। ਇਸ ਨੂੰ 'ਰਾਬ' ਜਾਂ 'ਘੁੱਤੀ' ਵੀ ਕਹਿੰਦੇ ਹਨ। ਜਿਸ ਟੋਲੀ ਦੀ ਖੇਡਣ ਦੀ ਵਾਰੀ ਹੁੰਦੀ ਹੈ, ਉਸ ਦੇ ਖਿਡਾਰੀ ਘੁੱਤੀ ਦੇ ਪਿੱਛੇ ਖੜ੍ਹੇ ਹੋ ਜਾਂਦੇ ਹਨ। ਦੂਸਰੀ ਟੋਲੀ ਦੇ ਖਿਡਾਰੀ ਗੁੱਲੀ ਬੋਚਣ ਲਈ ਘੁੱਤੀ ਦੇ ਸਾਹਮਣੇ ਖੜ੍ਹੇ ਹੋ ਜਾਂਦੇ ਹਨ।

ਜਿਹੜਾ ਖਿਡਾਰੀ ਖੇਡਣਾ ਸ਼ੁਰੂ ਕਰਦਾ ਹੈ, ਉਹ ਗੁੱਲੀ ਨੂੰ ਘੁੱਤੀ ਉੱਤੇ ਰੱਖਦਾ ਹੈ। ਉਹ ਡੰਡੇ ਦੇ ਇੱਕ ਸਿਰੇ ਨੂੰ ਗੁੱਲੀ ਦੇ ਹੇਠਾਂ ਰੱਖ ਕੇ ਡੰਡੇ ਨੂੰ ਦੋਂਹਾਂ ਹੱਥਾਂ ਨਾਲ਼ ਫੜਦਾ ਹੈ। ਹੁਣ ਉਹ ਜ਼ੋਰ ਲਾ ਕੇ ਗੁੱਲੀ ਨੂੰ ਖਿਡਾਰੀਆਂ ਵੱਲ ਸੁੱਟਦਾ ਹੈ। ਇਸ ਨੂੰ 'ਉੱਲ ਦੇਣਾ' ਕਹਿੰਦੇ ਹਨ। ਖੇਡਣ ਵਾਲ਼ੇ ਖਿਡਾਰੀ ਦੀ ਕੋਸ਼ਸ਼ ਹੁੰਦੀ ਹੈ ਕਿ ਦੂਜੀ ਟੋਲੀ ਦੇ ਖਿਡਾਰੀ ਗੁੱਲੀ ਨੂੰ ਬੋਚ ਨਾ ਸਕਣ। ਕਈ ਵਾਰੀ ਤਾਂ ਉਹ ਗੁੱਲੀ ਨੂੰ ਏਨੀ ਜ਼ੋਰ ਦੀ ਸੁੱਟਦਾ ਹੈ ਕਿ ਗੁੱਲੀ ਸਾਹਮਣੇ ਖੜ੍ਹੇ ਖਿਡਾਰੀਆਂ ਦੇ ਸਿਰ ਉੱਪਰੋਂ ਦੀ ਲੰਘ ਜਾਂਦੀ ਹੈ।

ਸਾਹਮਣੇ ਖੜ੍ਹੇ ਖਿਡਾਰੀ ਗੁੱਲੀ ਨੂੰ ਬੋਚਣ ਦੀ ਕੋਸ਼ਸ਼ ਕਰਦੇ ਹਨ। ਜੇਕਰ ਗੁੱਲੀ ਬੋਚੀ ਜਾਵੇ ਤਾਂ ਖੇਡਣ ਵਾਲ਼ੇ ਖਿਡਾਰੀ ਦੀ ਵਾਰੀ ਖ਼ਤਮ ਹੋ ਜਾਂਦੀ ਹੈ। ਜੇਕਰ ਗੁੱਲੀ ਬੋਚੀ ਨਾ ਜਾਵੇ ਤਾਂ ਦੂਜੀ ਟੋਲੀ ਦੇ ਖਿਡਾਰੀਆਂ ਵਿੱਚੋਂ ਇੱਕ ਖਿਡਾਰੀ ਗੁੱਲੀ ਚੁੱਕ ਕੇ ਡੰਡੇ ਉੱਤੇ ਨਿਸ਼ਾਨਾ ਮਾਰਦਾ ਹੈ। ਜੇਕਰ ਨਿਸ਼ਾਨਾ ਡੰਡੇ ਉੱਤੇ ਲੱਗ ਜਾਵੇ ਤਾਂ ਵੀ ਖੇਡਣ ਵਾਲ਼ੇ ਖਿਡਾਰੀ ਦੀ ਵਾਰੀ ਖ਼ਤਮ ਸਮਝੀ ਜਾਂਦੀ ਹੈ। ਜੇਕਰ ਨਿਸ਼ਾਨਾ ਨਾ ਲੱਗੇ ਤਾਂ ਵਾਰੀ ਲੈਣ ਵਾਲ਼ਾ ਖਿਡਾਰੀ, ਘੁੱਤੀ ਤੋਂ ਡੰਡਾ ਚੁੱਕ ਕੇ ਗੁੱਲੀ ਦੇ ਇੱਕ ਸਿਰੇ 'ਤੇ ਟੁੱਲ ਮਾਰਦਾ ਹੈ। ਜੇਕਰ ਉਹ ਟੁੱਲ ਮਾਰਨ ਵਿੱਚ ਸਫ਼ਲ ਹੋ ਜਾਂਦਾ ਹੈ ਤਾਂ ਉਹ ਟੁੱਲ ਮਾਰਦਾ ਗੁੱਲੀ ਨੂੰ ਅੱਗੇ-ਅੱਗੇ ਲੈ ਜਾਂਦਾ ਹੈ। ਜੇਕਰ ਟੁੱਲ ਨਾ ਵੱਜੇ ਤਾਂ ਉੱਥੋਂ ਡੰਡਿਆਂ ਦੀ ਗਿਣਤੀ ਕੀਤੀ ਜਾਂਦੀ ਹੈ।

ਇਸ ਤਰ੍ਹਾਂ ਇੱਕ ਟੋਲੀ ਦੇ ਖਿਡਾਰੀ ਵਾਰੀ-ਵਾਰੀ ਇਹ ਖੇਡ, ਖੇਡਦੇ ਹਨ। ਫਿਰ ਦੂਜੀ ਟੋਲੀ ਦੇ ਖਿਡਾਰੀ ਖੇਡਦੇ ਹਨ। ਜਿਹੜੀ ਟੋਲੀ ਜ਼ਿਆਦਾ ਡੰਡੇ ਬਣਾਵੇ ਜਾਂ ਜ਼ਿਆਦਾ ਸਮੇਂ ਤੱਕ ਖੇਡਦੀ ਰਹੇ, ਉਹ ਟੋਲੀ ਜਿੱਤੀ ਹੋਈ ਸਮਝੀ ਜਾਂਦੀ ਹੈ। ਸ਼ਹਿਰਾਂ ਵਿੱਚ ਇਹ ਖੇਡ ਲਗ-ਪਗ ਖ਼ਤਮ ਹੀ ਹੋ ਗਈ ਹੈ ਪਰ ਪਿੰਡਾਂ ਤੇ ਪੁਰਾਣੇ ਸ਼ਹਿਰਾਂ ਵਿੱਚ ਇਹ ਖੇਡ ਹਾਲੇ ਵੀ ਖੇਡੀ ਜਾਂਦੀ ਹੈ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਗੁੱਲੀ-ਡੰਡੇ ਦੀ ਖੇਡ ਹੋਰ ਕਿਹੜੀ-ਕਿਹੜੀ ਖੇਡ ਨਾਲ਼ ਮੇਲ਼ ਖਾਂਦੀ ਹੈ?

....

....

(ਅ) ਗੁੱਲੀ-ਡੰਡੇ ਦੀ ਖੇਡ ਵਿੱਚ ਪਹਿਲਾਂ ਵਾਰੀ ਕਿਸ ਨੂੰ ਮਿਲ਼ਦੀ ਹੈ?

....

....

(ੲ) ਇਸ ਖੇਡ ਨੂੰ ਖੇਡਣ ਵਾਲ਼ਾ ਖਿਡਾਰੀ, ਖੇਡ ਤੋਂ ਕਿਵੇਂ ਬਾਹਰ ਹੋ ਜਾਂਦਾ ਹੈ?

....

....

(ਸ) ਇਹ ਖੇਡ ਖੁੱਲ੍ਹੇ ਮੈਦਾਨ ਵਿੱਚ ਕਿਉਂ ਖੇਡਣੀ ਚਾਹੀਦੀ ਹੈ?

....

....

(ਹ) ਗੁੱਲੀ-ਡੰਡੇ ਦੀ ਖੇਡ ਵਿੱਚ ਜਿੱਤ ਕਿਸ ਟੋਲੀ ਦੀ ਹੁੰਦੀ ਹੈ?

....

....

2. **ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਇਹ ਖੇਡ ਖੇਡਣ ਲਈ ਬੱਸ .... ਦੀ ਇੱਕ ਗੁੱਲੀ ਅਤੇ ਇੱਕ ਡੰਡਾ ਹੀ ਚਾਹੀਦਾ ਹੈ।

(ਅ) ਗੁੱਲੀ-ਡੰਡੇ ਦੀ ਖੇਡ ਖੇਡਣ ਲਈ ਘੱਟੋ-ਘੱਟ ਦੋ .... ਚਾਹੀਦੇ ਹਨ।

(ੲ) ਗੁੱਲੀ-ਡੰਡੇ ਦੀ ਖੇਡ ਵਿੱਚ .... ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

(ਸ) .... ਖੇਡ ਖੇਡਣ ਲਈ ਖੁੱਲ੍ਹੀ ਥਾਂ ਚਾਹੀਦੀ ਹੈ।

(ਹ) ਜੇਕਰ .... ਬੋਚੀ ਜਾਵੇ ਤਾਂ ਖੇਡਣ ਵਾਲ਼ੇ ਖਿਡਾਰੀ ਦੀ ਵਾਰੀ ਖ਼ਤਮ ਹੋ ਜਾਂਦੀ ਹੈ।

(ਡੰਡੇ, ਖਿਡਾਰੀ, ਗੁੱਲੀ, ਗੁੱਲੀ-ਡੰਡਾ, ਲੱਕੜ)

3. **ਗੁੱਲੀ-ਡੰਡੇ ਦੀ ਖੇਡ ਨਾਲ਼ ਸੰਬੰਧਿਤ ਕੁਝ ਸ਼ਬਦ ਹਨ, ਉਹਨਾਂ ਉੱਤੇ (✓) ਦਾ ਨਿਸ਼ਾਨ ਲਗਾਓ ਅਤੇ ਬਾਕੀਆਂ ਉੱਤੇ (×) ਦਾ ਨਿਸ਼ਾਨ ਲਾਓ :**

ਟੋਆ ( ) ਡੰਡਾ ( ) ਘੁੱਤੀ ( ) ਖਿਡਾਰੀ ( ) ਗੁੱਲੀ ( ) ਪਹਿਲਵਾਨ ( ) ਬੋਚਣਾ ( ) ਵਿਕਟਾਂ ( ) ਨਿਸ਼ਾਨਾ ( ) ਬੱਲਾ ( ) ਟੁੱਲ ਮਾਰਨਾ ( ) ਉੱਲ ਦੇਣਾ ( )।

4. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਦਿਲਚਸਪ ....

ਰਿਵਾਜ ....

ਜ਼ਰੂਰਤ ....

ਨਿਸ਼ਾਨਾ ....

ਨਿਸ਼ਚਿਤ ....

ਮੈਦਾਨ ....

ਕੋਸ਼ਸ਼ ....

5. **ਕੋਈ ਪੰਜ ਦੇਸੀ ਖੇਡਾਂ ਦੇ ਨਾਂ ਲਿਖੋ।**

....

....

ਗਰਮੀਆਂ ਦੀਆਂ ਛੁੱਟੀਆਂ ਵਿੱਚ ਗੁੱਲੀ-ਡੰਡੇ ਦੀ ਖੇਡ ਆਪਣੇ ਦੋਸਤਾਂ ਨਾਲ਼ ਮਿਲ਼ ਕੇ ਖੇਡੋ।

******

ਪਾਠ-6

ਬਾਲ ਸੁਖਦੇਵ

ਸ਼ਹੀਦ ਸੁਖਦੇਵ ਨੂੰ ਕੌਣ ਨਹੀਂ ਜਾਣਦਾ ? ਉਸ ਦਾ ਨਾਂ ਅਜ਼ਾਦੀ ਦੀ ਲੜਾਈ 'ਚ ਹਿੱਸਾ ਲੈਣ ਵਾਲ਼ਿਆਂ ਦੀ ਪਹਿਲੀ ਕਤਾਰ ਵਿੱਚ ਲਿਆ ਜਾਂਦਾ ਹੈ। ਉਹ ਭਗਤ ਸਿੰਘ ਦਾ ਨੇੜੇ ਦਾ ਸਾਥੀ ਸੀ। ਭਗਤ ਸਿੰਘ ਨਾਲ਼ ਜਿਹੜੇ ਦੋ ਹੋਰ ਸਾਥੀਆਂ ਨੂੰ ਫਾਂਸੀ ਲਾਇਆ ਗਿਆ ਸੀ, ਸੁਖਦੇਵ ਉਹਨਾਂ ਵਿੱਚੋਂ ਇੱਕ ਸੀ। ਇਹਨਾਂ ਦਾ ਤੀਜਾ ਸਾਥੀ ਰਾਜਗੁਰੂ ਮਹਾਂਰਾਸ਼ਟਰ ਦਾ ਰਹਿਣ ਵਾਲ਼ਾ ਸੀ।

ਸੁਖਦੇਵ ਦਾ ਜਨਮ 15 ਮਈ, 1907 ਨੂੰ ਪਿਤਾ ਰਾਮ ਲਾਲ ਥਾਪਰ ਅਤੇ ਮਾਤਾ ਰਲੀ ਦੇਈ ਦੇ ਘਰ ਲੁਧਿਆਣਾ ਵਿੱਚ ਹੋਇਆ।

ਆਓ ਅੱਜ ਤੁਹਾਨੂੰ ਸੁਖਦੇਵ ਦੇ ਬਚਪਨ ਦੀਆਂ ਕੁਝ ਗੱਲਾਂ ਦੱਸਦੇ ਹਾਂ।

ਸੁਖਦੇਵ ਦੀ ਚਚੇਰੀ ਭੈਣ ਗੌਰਾਂ ਸੁਖਦੇਵ ਨੂੰ ਬਹੁਤ ਪਿਆਰ ਕਰਦੀ ਸੀ। ਉਹ ਬਚਪਨ ਵਿੱਚ ਸੁਖਦੇਵ ਨੂੰ ਗੋਦੀ ਚੁੱਕ ਕੇ ਖਿਡਾਉਂਦੀ ਹੁੰਦੀ ਸੀ। ਗੌਰਾਂ ਸੁਖਦੇਵ ਤੋਂ ਸੱਤ ਸਾਲ ਵੱਡੀ ਸੀ। ਜਦ ਕਦੇ ਘਰ ਵਿੱਚ ਕੋਈ ਜੀਅ ਸੁਖਦੇਵ ਨੂੰ ਡਾਂਟਦਾ ਤਾਂ ਗੌਰਾਂ ਉਸ ਨਾਲ਼ ਰੁੱਸ ਜਾਂਦੀ ਸੀ। ਜਦ ਘਰ ਵਿੱਚ ਸੁਖਦੇਵ ਕੋਈ ਸ਼ਰਾਰਤ ਕਰਦਾ ਜਾਂ ਗ਼ਲਤੀ ਕਰਦਾ ਤਾਂ ਗੌਰਾਂ ਸੁਖਦੇਵ ਦਾ ਹੀ ਪੱਖ ਪੂਰਦੀ ਸੀ।

ਛੋਟੇ ਹੁੰਦਿਆਂ ਸੁਖਦੇਵ ਨੂੰ ਇਕੱਲਿਆਂ ਘੁੰਮਣ ਦਾ ਸ਼ੌਕ ਸੀ। ਉਹ ਬੱਚਿਆਂ ਦੇ ਝੁਰਮਟ ਤੋਂ ਥੋੜ੍ਹਾ ਅਲੱਗ ਹੀ ਰਹਿੰਦਾ ਸੀ।

ਸੁਖਦੇਵ ਦੇ ਬਚਪਨ ਦੇ ਦਿਨਾਂ ਵਿੱਚ ਇਹਨਾਂ ਦੇ ਘਰ ਰਹੀਮਣ ਨਾਂ ਦੀ ਇੱਕ ਔਰਤ ਕੰਮ ਕਰਿਆ ਕਰਦੀ ਸੀ। ਰਹੀਮਣ ਮਾਤਾ ਰਲ਼ੀ ਦੇਈ ਦਾ ਰਸੋਈ ਦੇ ਕੰਮ-ਕਾਜ ਵਿੱਚ ਹੱਥ ਵਟਾਉਂਦੀ ਅਤੇ ਨਾਲ਼ ਬੱਚਿਆਂ ਦੀ ਦੇਖ-ਭਾਲ਼ ਵੀ ਕਰਦੀ।

ਜਦੋਂ ਸੁਖਦੇਵ ਸਕੂਲ ਜਾਣ ਲੱਗ ਪਿਆ ਤਾਂ ਰਹੀਮਣ ਵੀ ਕਦੇ-ਕਦੇ ਸੁਖਦੇਵ ਨੂੰ ਤਿਆਰ ਕਰਕੇ ਸਕੂਲ ਭੇਜਦੀ। ਉਸ ਦੇ ਬਸਤੇ ਵਿੱਚ ਰੋਟੀ ਬੰਨ੍ਹ ਕੇ ਪਾਉਂਦੀ। ਰਹੀਮਣ ਸੁਖਦੇਵ ਨੂੰ ਬਹੁਤ ਪਿਆਰ ਕਰਦੀ। ਸੁਖਦੇਵ ਵੀ ਉਸ ਨੂੰ 'ਰਹੀਮਣ ਚਾਚੀ' ਕਹਿ ਕੇ ਅਵਾਜ਼ ਮਾਰਦਾ।

ਘਰ ਵਿੱਚ ਸੁਖਦੇਵ ਨੂੰ ਬਹੁਤ ਸਾਰਾ ਪਿਆਰ ਮਿਲਣ ਕਰਕੇ ਉਹ ਸ਼ੁਰੂ ਤੋਂ ਥੋੜ੍ਹਾ ਵੱਖਰੀ ਤਰ੍ਹਾਂ ਦਾ ਜ਼ਿੱਦੀ ਬਾਲਕ ਸੀ। ਕਈ ਵਾਰ ਸੁਖਦੇਵ ਰੋ-ਧੋ ਕੇ ਵੀ ਆਪਣੀ ਜ਼ਿਦ ਪੂਰੀ ਕਰ ਲੈਂਦਾ ਸੀ। ਜੇ ਕਦੇ ਕਿਸੇ ਗੱਲ 'ਤੇ ਰੋਣ ਲੱਗ ਪੈਂਦਾ ਤਾਂ ਲਗਾਤਾਰ ਰੋਂਦਾ ਹੀ ਰਹਿੰਦਾ। ਬਚਪਨ ਦੇ ਇਹਨਾਂ ਸਾਲਾਂ ਵਿੱਚ ਤਾਂ ਉਸ ਦਾ ਸੁਭਾਅ ਚਿੜਚਿੜਾ ਵੀ ਬਣ ਗਿਆ ਸੀ।

ਛੋਟੇ ਹੁੰਦਿਆਂ ਸੁਖਦੇਵ ਇੱਕ ਵਾਰ ਲਾਇਲਪੁਰ 'ਚ ਆਪਣੇ ਘਰ ਦੇ ਨੇੜੇ ਬੱਚਿਆਂ ਨਾਲ਼ ਖੇਡ ਰਿਹਾ ਸੀ। ਖੇਡਦਿਆਂ ਹੋਇਆਂ ਇੱਕ ਬੱਚਾ ਨੇੜੇ ਦੇ ਇੱਕ ਖੂਹ ਵਿੱਚ ਡਿਗ ਪਿਆ। ਸਾਰੇ ਬੱਚੇ ਖੂਹ ਦੀ ਮੌਣ ਦੇ ਨੇੜੇ ਖੜ੍ਹ ਕੇ ਉੱਚੀ-ਉੱਚੀ ਰੌਲ਼ਾ ਪਾਉਣ ਲੱਗੇ ਪਰ ਸੁਖਦੇਵ ਕਾਹਲ਼ੀ ਨਾਲ਼ ਭੱਜਾ-ਭੱਜਾ ਆਪਣੇ ਘਰ ਗਿਆ ਅਤੇ ਨੌਕਰ ਸ਼ਿਵ ਰਾਮ ਨੂੰ ਰੱਸੇ ਸਮੇਤ ਖੂਹ 'ਤੇ ਲੈ ਆਇਆ। ਜੇਕਰ ਉਸ ਦਿਨ ਸੁਖਦੇਵ ਹੁਸ਼ਿਆਰੀ ਨਾ ਵਰਤਦਾ ਤਾਂ ਸ਼ਾਇਦ ਉਸ ਬੱਚੇ ਨੂੰ ਬਚਾਇਆ ਨਾ ਜਾ ਸਕਦਾ।

ਸੁਖਦੇਵ ਲਾਇਲਪੁਰ ਦੇ ਸਨਾਤਨ ਧਰਮ ਸਕੂਲ 'ਚ ਪੜ੍ਹਦਾ ਸੀ। ਜਦੋਂ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲ਼ਾ ਬਾਗ਼ ਦਾ ਸਾਕਾ ਵਾਪਰਿਆ ਤਾਂ ਸਾਰੇ ਪੰਜਾਬ ਵਿੱਚ ਸੋਗ ਦੀ ਲਹਿਰ ਦੌੜ ਗਈ। ਅੰਗਰੇਜ਼ ਸਰਕਾਰ ਨੂੰ ਪਤਾ ਸੀ ਕਿ ਸਾਰੇ ਪੰਜਾਬ ਵਿੱਚ ਥਾਂ-ਥਾਂ ਰੋਸ ਦਿਖਾਵੇ ਹੋਣਗੇ। ਇਸ ਕਰਕੇ ਅੰਗਰੇਜ਼ਾਂ ਨੇ ਜਲ੍ਹਿਆਂ ਵਾਲ਼ਾ ਬਾਗ਼ ਦੇ ਸਾਕੇ ਤੋਂ ਤੀਜੇ ਦਿਨ ਸਾਰੇ ਪੰਜਾਬ ਵਿੱਚ ਫ਼ੌਜ ਅਤੇ ਪੁਲਿਸ ਤਾਇਨਾਤ ਕਰ ਦਿੱਤੀ। ਸਰਕਾਰੀ ਦਫ਼ਤਰਾਂ, ਵਿੱਦਿਅਕ ਅਦਾਰਿਆਂ ਅਤੇ ਹੋਰ ਸੰਸਥਾਵਾਂ ਵਿੱਚ ਅੰਗਰੇਜ਼ ਸਿਪਾਹੀ ਤਾਇਨਾਤ ਕਰ ਦਿੱਤੇ ਗਏ।

ਸਨਾਤਨ ਧਰਮ ਸਕੂਲ ਲਾਇਲਪੁਰ ਦੇ ਮੁੱਖ ਅਧਿਆਪਕ ਨੇ ਸਰਕਾਰ ਵੱਲੋਂ ਆਏ ਹੁਕਮ ਅਨੁਸਾਰ ਵਿਦਿਆਰਥੀਆਂ ਨੂੰ ਹਿਦਾਇਤ ਕੀਤੀ ਕਿ ਹਰ ਰੋਜ਼ ਸਕੂਲ ਵਿੱਚ ਸਵੇਰ ਦੀ ਪ੍ਰਾਰਥਨਾ ਸਭਾ ਤੋਂ ਪਿੱਛੋਂ ਸਾਰੇ ਬੱਚੇ ਇੱਕ ਅੰਗਰੇਜ਼ ਅਫ਼ਸਰ ਨੂੰ ਸਲ਼ਾਮੀ ਦੇਣਗੇ। ਇਸੇ ਤਰ੍ਹਾਂ ਹੀ ਹੋਇਆ। ਇੱਕ ਦਿਨ ਸਾਰੇ ਬੱਚੇ ਸਵੇਰ ਦੀ ਸਭਾ ਤੋਂ ਬਾਅਦ ਵਾਰੀ-ਵਾਰੀ ਅੰਗਰੇਜ਼ ਅਫ਼ਸਰ ਨੂੰ ਸਲ਼ਾਮੀ ਦੇ ਰਹੇ ਸਨ ਜਦੋਂ ਸਲਾਮੀ ਦੇਣ ਦੀ ਸੁਖਦੇਵ ਦੀ ਵਾਰੀ ਆਈ ਤਾਂ ਉਸ ਨੇ ਸਲਾਮੀ ਦੇਣ ਤੋਂ ਇਨਕਾਰ ਕਰ ਦਿੱਤਾ। ਮੁੱਖ ਅਧਿਆਪਕ ਨੇ ਵੀ ਸੁਖਦੇਵ ਨੂੰ ਮਨਾਉਣ ਦੀ ਕੋਸ਼ਸ਼ ਕੀਤੀ ਪਰ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਅੰਗਰੇਜ਼ ਅਫ਼ਸਰ ਅੱਗ-ਬਗੋਲਾ ਹੋ ਗਿਆ। ਸਲਾਮੀ ਨਾ ਦੇਣ ਕਰਕੇ ਸੁਖਦੇਵ ਨੂੰ ਸਕੂਲ ਦੇ ਮੁੱਖ ਅਧਿਆਪਕ ਤੋਂ ਮਾਰ ਵੀ ਖਾਣੀ ਪਈ। ਜਦੋਂ ਸੁਖਦੇਵ ਸਲਾਮੀ ਦੇਣ ਲਈ ਨਾ ਮੰਨਿਆ ਤਾਂ ਅੰਗਰੇਜ਼ ਅਫ਼ਸਰ ਛਿੱਥਾ ਜਿਹਾ ਹੋ ਕੇ ਮੁੱਖ ਅਧਿਆਪਕ ਅਤੇ ਬਾਕੀ ਅਧਿਆਪਕਾਂ ਨੂੰ ਘੂਰਨ ਲੱਗ ਪਿਆ। ਫੇਰ ਜਿੰਨੇ ਦਿਨ ਸਕੂਲ ਵਿੱਚ ਸਲਾਮੀ ਦੇਣ ਦਾ ਸਿਲਸਿਲਾ ਚੱਲਦਾ ਰਿਹਾ, ਓਨੇ ਦਿਨ ਸੁਖਦੇਵ ਸਕੂਲ ਨਹੀਂ ਗਿਆ।

ਭਾਵੇਂ ਇਸ ਘਟਨਾ ਸਮੇਂ ਸੁਖਦੇਵ ਦੀ ਉਮਰ 12 ਸਾਲ ਸੀ ਪਰ ਉਸ ਦੇ ਮਨ ਵਿੱਚ ਅੰਗਰੇਜ਼ਾਂ ਪ੍ਰਤਿ ਨਫ਼ਰਤ ਪੈਦਾ ਹੋ ਚੁੱਕੀ ਸੀ। ਇਸ ਤਰ੍ਹਾਂ ਦੀਆਂ ਸਲਾਮੀਆਂ ਲੈਣ ਤੋਂ ਅੰਗਰੇਜ਼ਾਂ ਦਾ ਇਹ ਭਾਵ ਸੀ ਕਿ ਹਿੰਦੁਸਤਾਨੀਆਂ ਨੂੰ ਦਬਾ ਕੇ ਰੱਖਿਆ ਜਾਵੇ ਅਤੇ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਜਾਵੇ।

ਬਾਲ ਸੁਖਦੇਵ ਦੀ ਅੰਗਰੇਜ਼ ਹਕੂਮਤ ਨਾਲ਼ ਇਹ ਪਹਿਲੀ ਟੱਕਰ ਸੀ। ਭਾਵੇਂ ਦੇਖਣ ਨੂੰ ਇਹ ਨਿੱਕੀ ਜਿਹੀ ਘਟਨਾ ਲੱਗਦੀ ਸੀ ਪਰ ਅਸਲ 'ਚ ਇਹ ਨਿੱਕੀ ਜਿਹੀ ਘਟਨਾ ਨਹੀਂ ਸੀ, ਸਗੋਂ ਵੱਡੀ ਜੁਰਅਤ ਵਾਲ਼ੀ ਘਟਨਾ ਸੀ। ਇਸ ਘਟਨਾ ਨੇ ਸੁਖਦੇਵ ਨੂੰ ਆਪਣੇ ਇਰਾਦੇ ਵਿੱਚ ਹੋਰ ਪੱਕਾ ਕਰ ਦਿੱਤਾ ਸੀ।

ਸੁਖਦੇਵ ਦੇ ਤਾਇਆ ਜੀ ਲਾਲਾ ਚਿੰਤ ਰਾਮ ਅਤੇ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਦਾ ਇੱਕ-ਦੂਜੇ ਦੇ ਘਰ ਆਉਣ-ਜਾਣ ਸੀ। ਸੁਖਦੇਵ ਦਾ ਪਰਿਵਾਰ ਲਾਇਲਪੁਰ ਵਿੱਚ ਰਹਿ ਰਿਹਾ ਸੀ ਅਤੇ ਭਗਤ ਸਿੰਘ ਦਾ ਪਰਿਵਾਰ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਬੰਗਾ ਚੱਕ ਨੰ. 105 ਜੀ.ਬੀ. ਵਿੱਚ ਰਹਿ ਰਿਹਾ ਸੀ। ਇੱਕ-ਦੋ ਵਾਰ ਜਦੋਂ ਕਿਸ਼ਨ ਸਿੰਘ, ਲਾਲਾ ਚਿੰਤ ਰਾਮ ਦੇ ਘਰ ਲਾਇਲਪੁਰ ਵਿਖੇ ਆਏ ਤਾਂ ਉਹਨਾਂ ਦਾ ਪੁੱਤਰ ਬਾਲ ਭਗਤ ਸਿੰਘ ਵੀ ਉਹਨਾਂ ਦੇ ਨਾਲ਼ ਹੁੰਦਾ ਸੀ। ਕਿਸ਼ਨ ਸਿੰਘ ਤੇ ਚਿੰਤ ਰਾਮ ਆਪਣੀਆਂ ਗੱਲਾਂ ਵਿੱਚ ਰੁੱਝ ਜਾਂਦੇ। ਸੁਖਦੇਵ ਅਤੇ ਭਗਤ ਸਿੰਘ ਹਾਣੀ ਹੋਣ ਕਰਕੇ ਆਪਸ ਵਿੱਚ ਖੇਡਣ ਲੱਗ ਜਾਂਦੇ। ਉਹ ਮਿੱਟੀ ਦੇ ਘਰ ਬਣਾਉਣ ਖੇਡਦੇ। ਉਹ ਮਿੱਟੀ ਦੇ ਘਰ ਬਣਾਉਂਦੇ ਅਤੇ ਖੇਡਣ ਪਿੱਛੋਂ ਆਪ ਹੀ ਢਾਹ ਦਿੰਦੇ। ਮਿੱਟੀ 'ਤੇ ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਪੈੜਾਂ ਚਮਕਦੀਆਂ ਰਹਿੰਦੀਆਂ। ਇਸ ਤਰ੍ਹਾਂ ਸੁਖਦੇਵ ਅਤੇ ਭਗਤ ਸਿੰਘ ਦੀ ਬਚਪਨ ਵਿੱਚ ਹੀ ਆੜੀ ਪੈ ਚੁੱਕੀ ਸੀ। ਕੀ ਪਤਾ ਸੀ ਕਿ ਇਹਨਾਂ ਦੀ ਬਚਪਨ ਵਿੱਚ ਪਈ ਆੜੀ ਸਿਰਫ਼ ਵਿਦਿਆਰਥੀ ਜੀਵਨ ਤੱਕ ਹੀ ਸੀਮਿਤ ਨਹੀਂ ਰਹੇਗੀ ਸਗੋਂ ਤੋੜ ਫਾਂਸੀ ਤੱਕ ਨਿਭੇਗੀ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸੁਖਦੇਵ ਦਾ ਜਨਮ ਕਦੋਂ ਹੋਇਆ ?

....

....

(ਅ) ਸੁਖਦੇਵ ਦੀ ਚਚੇਰੀ ਭੈਣ ਦਾ ਕੀ ਨਾਂ ਸੀ ਅਤੇ ਉਹ ਸੁਖਦੇਵ ਨਾਲ਼ ਕਿਸ ਤਰ੍ਹਾਂ ਦਾ ਵਰਤਾਅ ਕਰਦੀ ਸੀ ?

....

....

(ੲ) ਜਦੋਂ ਬੱਚਾ ਖੂਹ ਵਿੱਚ ਡਿਗ ਪਿਆ ਤਾਂ ਸੁਖਦੇਵ ਨੇ ਉਸ ਨੂੰ ਬਚਾਉਣ ਲਈ ਕੀ ਕੀਤਾ ?

....

....

(ਸ) ਜਲ੍ਹਿਆਂਵਾਲ਼ੇ ਬਾਗ ਦੇ ਸਾਕੇ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਕੀ ਹੁਕਮ ਲਾਗੂ ਕੀਤਾ ?

....

....

(ਹ) ਸੁਖਦੇਵ ਦੇ ਭਗਤ ਸਿੰਘ ਨਾਲ਼ ਕਿਵੇਂ ਸੰਬੰਧ ਬਣੇ ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਸੁਖਦੇਵ ਦੀ ਮਾਤਾ ਦਾ ਨਾਂ .... ਸੀ।

(ਅ) ਸੁਖਦੇਵ ਲਾਇਲਪੁਰ ਦੇ .... ਸਕੂਲ 'ਚ ਪੜ੍ਹਦਾ ਸੀ।

(ੲ) ਅੰਗਰੇਜ਼ ਅਫ਼ਸਰ .... ਹੋ ਗਿਆ।

(ਸ) ਅੰਗਰੇਜ਼ ਹਕੂਮਤ ਨਾਲ਼ ਸੁਖਦੇਵ ਦੀ ਇਹ .... ਟੱਕਰ ਸੀ।

(ਹ) ਸੁਖਦੇਵ ਦਾ ਪਰਿਵਾਰ .... ਵਿਖੇ ਰਹਿੰਦਾ ਸੀ।

(ਅੱਗ ਬਗੋਲਾ, ਪਹਿਲੀ, ਲਾਇਲਪੁਰ, ਰਲ਼ੀ ਦੇਈ, ਸਨਾਤਨ ਧਰਮ)

3. ਹੇਠ ਲਿਖੇ ਕੌਣ ਸਨ?

(ੳ) ਸੁਖਦੇਵ ....

(ਅ) ਗੌਰਾਂ ....

(ੲ) ਰਹੀਮਣ ....

(ਸ) ਕਿਸ਼ਨ ਸਿੰਘ ....

4. ਪੜ੍ਹੋ ਅਤੇ ਸਮਝੋ—

(ੳ)	ਅਜ਼ਾਦੀ	ਸੁਤੰਤਰਤਾ, ਆਪਣੀ ਮਰਜ਼ੀ ਨਾਲ ਚੱਲਣ ਦਾ ਭਾਵ
(ਅ)	ਝੁਰਮਟ	ਬੱਚਿਆਂ ਦਾ ਇਕੱਠ
(ੲ)	ਚਿੜਚਿੜਾ	ਗ਼ੁੱਸੇਖੋਰ ਸੁਭਾਅ ਵਾਲ਼ਾ
(ਸ)	ਹੁਸ਼ਿਆਰੀ	ਚੁਸਤੀ, ਚਲਾਕੀ
(ਹ)	ਤਾਇਨਾਤ	ਨਿਯੁਕਤ ਕਰਨਾ
(ਕ)	ਛਿੱਥਾ	ਸ਼ਰਮਿੰਦਾ
(ਖ)	ਪੈੜਾਂ	ਪੈਰਾਂ ਦੇ ਨਿਸ਼ਾਨ

ਆਪਣੇ ਅਧਿਆਪਕ ਜੀ ਤੋਂ ਸੁਖਦੇਵ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

******

ਪਾਠ - 7

ਸ਼ਹਿਦ ਦੀ ਮੱਖੀ

ਸ਼ਹਿਦ ਦੀ ਇਹ ਮੱਖੀ
ਭੀਂ-ਭੀਂ ਕਰਦੀ
ਹੱਥ ਲਾਵੋ ਲੜਦੀ
ਏਨਾ ਮਿੱਠਾ ਸ਼ਹਿਦ ਫਿਰ
ਕਿੰਝ 'ਕੱਠਾ ਕਰਦੀ ?

ਫੁੱਲਾਂ ਕੋਲ਼ ਵੱਸਦੀ
ਤੇ ਫੁੱਲਾਂ ਨਾਲ਼ ਹੱਸਦੀ
ਫੁੱਲਾਂ ਤੋਂ ਪਰਾਗ ਲੈ ਕੇ
ਫੁੱਲਾਂ ਨੂੰ ਹੈ ਵੰਡਦੀ,
ਫੁੱਲ ਦਿੰਦੇ ਰਸ ਇਹਨੂੰ
ਜਿਸ ਨੂੰ ਪਚਾ ਕੇ ਮੱਖੀ
ਸ਼ਹਿਦ 'ਚ ਬਦਲਦੀ।

ਭੀਂ-ਭੀਂ ਕਰਦੀ
ਨਿੱਕੇ-ਨਿੱਕੇ ਖੰਭ ਇਹਦੇ
ਕੱਟਦੇ ਹਵਾ ਨੂੰ ਜਦੋਂ ਤੇਜ਼-ਤੇਜ਼, ਹੋਰ ਤੇਜ਼
ਭੀਂ-ਭੀਂ ਦੀ ਅਵਾਜ਼ ਬੱਸ ਇਸੇ ਵਿੱਚੋਂ ਬਣਦੀ

ਤੰਗ ਕਰੋ ਜੇ ਇਸ ਨੂੰ
ਤਾਂਹੀਓਂ ਤਾਂ ਇਹ ਲੜਦੀ
ਨਹੀਂ ਤਾਂ ਇਹ ਉੱਡ-ਉੱਡ
ਰਸ-ਰੰਗ ਫੜਦੀ।

ਸ਼ਹਿਦ ਦੀ ਇਹ ਮੱਖੀ
ਬੱਸ ਇਉਂ ਕੰਮ ਕਰਦੀ,
ਠੰਢਾ-ਤੱਤਾ ਜਰਦੀ
ਤੇ ਸ਼ਹਿਦ 'ਕੱਠਾ ਕਰਦੀ।

ਪਾਠ-ਅਭਿਆਸ

1. ਹੇਠ ਲਿਖੀਆਂ ਸਤਰਾਂ ਨੂੰ ਪੂਰਾ ਕਰੋ—

(ੳ) ਸ਼ਹਿਦ ਦੀ ਇਹ ਮੱਖੀ
ਭੀਂ-ਭੀਂ ਕਰਦੀ।
....
....
....

(ਅ) ਤੰਗ ਕਰੋ ਜੇ ਇਸ ਨੂੰ
ਤਾਂਹੀਓਂ ਤਾਂ ਇਹ ਲੜਦੀ
....
....

2. ਪੜ੍ਹੋ ਅਤੇ ਸਮਝੋ—

(ੳ)	ਭੀਂ-ਭੀਂ	ਸ਼ਹਿਦ ਦੀ ਮੱਖੀ ਦੀ ਉੱਡਣ ਵੇਲ਼ੇ ਪੈਦਾ ਹੋਈ ਅਵਾਜ਼
(ਅ)	ਵੱਸਦੀ	ਰਹਿੰਦੀ
(ੲ)	ਪਰਾਗ	ਫੁੱਲਾਂ ਦੀ ਧੂੜੀ
(ਸ)	ਤੱਤਾ	ਗਰਮ

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ—

(ੳ) ਸ਼ਹਿਦ ....

(ਅ) ਪਰਾਗ ....

(ੲ) ਪਚਾ ....

4. ਸੁੰਦਰ ਕਰਕੇ ਲਿਖੋ—

ਫੁੱਲਾਂ ਕੋਲ਼ ਵੱਸਦੀ

ਤੇ ਫੁੱਲਾਂ ਨਾਲ਼ ਹੱਸਦੀ

ਫੁੱਲਾਂ ਤੋਂ ਪਰਾਗ ਲੈ ਕੇ

ਫੁੱਲਾਂ ਨੂੰ ਹੈ ਵੰਡਦੀ,

....

....

....

....

ਅਧਿਆਪਕ ਕੋਲੋਂ ਹੋਰ ਮੱਖੀਆਂ ਬਾਰੇ ਜਾਣਕਾਰੀ ਲਵੋ।

******

ਪਾਠ-8

ਵੀਰੂ ਤੇ ਮੰਗੂ

"ਮਾਂ ਮੈਨੂੰ ਭੁੱਖ ਲੱਗੀ ਹੋਈ ਏ," ਵੀਰੂ ਮੇਮਣਾ ਛਾਲ਼ਾਂ ਮਾਰਦਾ ਆਪਣੀ ਮਾਂ ਕੋਲ਼ ਆ ਗਿਆ।

"ਪੁੱਤਰ ਹੁਣ ਤੂੰ ਵੱਡਾ ਹੋ ਗਿਆ ਏਂ, ਹੁਣ ਘਾਹ-ਪੱਤਾ ਚੁਗਿਆ ਕਰ," ਮਾਂ ਨੇ ਵੀਰੂ ਨੂੰ ਪਿਆਰ ਨਾਲ਼ ਕਿਹਾ।

"ਮਾਂ, ਘਾਹ-ਪੱਤਾ ਤਾਂ ਕੁਸੈਲਾ ਜਿਹਾ ਹੁੰਦੈ, ਮੇਰੀ ਜੀਭ ਕੌੜੀ ਹੋ ਜਾਂਦੀ ਆ।" ਵੀਰੂ ਮਾਂ ਦਾ ਦੁੱਧ ਪੀ ਕੇ ਉਸ ਨਾਲ਼ ਲਾਡ ਕਰਨ ਲੱਗ ਪਿਆ।

"ਪੁੱਤ, ਦੁੱਧ ਪੀ ਲਿਆ, ਹੁਣ ਤੂੰ ਪਰੇ ਜਾ ਕੇ ਛੋਟੇ ਵੀਰ ਨਾਲ਼ ਖੇਡ," ਮਾਂ ਨੇ ਭਾਗ ਆਜੜੀ ਨੂੰ ਆਉਂਦਿਆਂ ਦੇਖ ਕੇ ਵੀਰੂ ਨੂੰ ਕਿਹਾ।

"ਇਹ ਮੇਰੀ ਮਾਂ ਨੂੰ ਮਾਰਦਾ ਰਹਿੰਦੈ। ਮੈਂ ਵੀ ਵੱਡਾ ਹੋ ਕੇ ਇਹਨੂੰ ਸਿੰਗਾਂ 'ਤੇ ਚੱਕੂੰ।" ਵੀਰੂ ਟਪੂਸੀਆਂ ਮਾਰਦਾ ਮਾਂ ਦੇ ਪਿੱਛੇ-ਪਿੱਛੇ ਭੱਜਿਆ ਜਾ ਰਿਹਾ ਸੀ। ਉਹ ਆਪਣੀ ਮਾਂ ਤੋਂ ਪਰੇ ਨਹੀਂ ਸੀ ਜਾਣਾ ਚਾਹੁੰਦਾ।

ਭਾਗ ਆਜੜੀ ਦੁੱਧ ਦੇਣ ਵਾਲ਼ੀਆਂ ਬੱਕਰੀਆਂ ਨੂੰ ਹਮੇਸ਼ਾਂ ਉਹਨਾਂ ਦੇ ਮੇਮਣਿਆਂ ਤੋਂ ਪਰੇ ਰੱਖਦਾ। ਛੋਟੇ-ਛੋਟੇ ਮੇਮਣਿਆਂ ਨੂੰ ਘਾਹ-ਪੱਤਾ ਚੰਗਾ ਨਹੀਂ ਸੀ ਲੱਗਦਾ। ਇਸ ਲਈ ਵੀਰੂ ਤੇ ਮੰਗੂ ਮਾਂ ਦਾ ਦੁੱਧ ਪੀਣ ਲਈ ਮੌਕਾ ਲੱਭਦੇ ਰਹਿੰਦੇ।

"ਮੰਗੂ ਭਲਾ ਰੀਸ ਏ ਕੋਈ ਮਾਂ ਦੇ ਦੁੱਧ ਦੀ.....ਆ....ਹਾ.....ਆ.....ਹਾ," ਵੀਰੂ ਨੇ ਆਪਣੇ ਛੋਟੇ ਭਰਾ ਮੰਗੂ ਕੋਲ਼ ਜਾਂਦਿਆਂ ਕਿਹਾ।

"ਚੱਲ ਵੀਰ, ਚੰਗਾ ਹੋਇਆ, ਤੂੰ ਤਾਂ ਰੱਜ ਆਇਐਂ। ਮੈਨੂੰ ਤਾਂ ਭਾਗ ਆਪਣੀ ਗੋਦੀ ਚੁੱਕੀ ਰੱਖਦੈ, ਦੁੱਧ ਦੀ ਘੁੱਟ ਵੀ ਨਹੀਂ ਪੀਣ ਦਿੰਦਾ।" "ਤੂੰ ਵੀ ਹਿੰਮਤ ਕਰ ਲੈ," ਵੀਰੂ ਨੇ ਮੰਗੂ ਨੂੰ ਹੌਸਲਾ ਦਿੱਤਾ।

"ਹਾਂ ਵੀਰ, ਪਰ ਮੈਂ ਅਜੇ ਛੋਟਾ ਹਾਂ।"

"ਚੰਗਾ ਮੈਂ ਤੇਰੇ ਲਈ ਕੋਈ ਹੀਲਾ ਕਰਦਾਂ।"

"ਛੱਡ ਵੀਰ, ਰਹਿਣ ਦੇ, ਭਾਗ ਐਵੇਂ ਈ ਮਾਂ ਨੂੰ ਮਾਰੂਗਾ। ਚੱਲ ਆਪਾਂ ਚੁਗੀਏ।" ਉਹ ਦੋਵੇਂ ਛਾਲ਼ਾਂ ਮਾਰਦੇ ਚਲੇ ਗਏ। ਥੋੜ੍ਹੀ ਦੇਰ ਬਾਅਦ ਉਹਨਾਂ ਦੇ ਦੋਸਤ ਡੱਬੂ ਤੇ ਕਾਲ਼ਾ ਵੀ ਆ ਗਏ।

"ਓਏ ਭਾਗ, ਆਪਣੀਆਂ ਬੱਕਰੀਆਂ ਸਾਂਭ, ਮੇਰਾ ਖੇਤ ਉਜਾੜਨਗੀਆਂ।" ਦੂਰੋਂ ਅਵਾਜ਼ ਆਈ।

"ਭਲਾ ਇਹ 'ਵਾਜਾਂ ਕੌਣ ਮਾਰਦੈ?" ਮੰਗੂ ਨੇ ਆਪਣੇ ਵੱਡੇ ਭਰਾ ਵੀਰੂ ਤੋਂ ਪੁੱਛਿਆ।

"ਇਹ ਜਗੀਰਾ ਕਿਰਸਾਣ ਐ। ਮਾਂ ਦੱਸਦੀ ਸੀ, ਇਹ ਸਾਰੇ ਖੇਤ ਉਸ ਦੇ ਹੀ ਨੇ, ਨਾਲ਼ੇ ਉਹ ਕਹਿੰਦੀ ਸੀ ਕਿ ਖੇਤਾਂ ਵਿੱਚੋਂ ਘਾਹ-ਪੱਤਾ ਨਾ ਚੁਗਿਆ ਕਰੋ.......," ਵੀਰੂ ਨੇ ਘਾਹ ਨੂੰ ਮੂੰਹ ਮਾਰਨਾ ਛੱਡ ਕੇ ਮੰਗੂ ਨੂੰ ਕਿਹਾ।

"ਫਿਰ ਆਪਾਂ ਚਰੀਏ ਕਿੱਥੇ?" ਮੰਗੂ ਬੋਲਿਆ।

"ਮਾਂ ਨੇ ਮੈਨੂੰ ਦੱਸਿਆ ਸੀ, ਪਹਿਲਾਂ ਘਾਹ-ਪੱਤਾ ਬਹੁਤ ਹੁੰਦਾ ਸੀ। ਹੁਣ ਤਾਂ ਘਾਹ ਦੀ ਤਿੜ ਵੀ ਭਾਲ਼ੀ ਨਹੀਂ ਲੱਭਦੀ।" ਵੀਰੂ ਨੇ ਦੂਰ ਖੇਤਾਂ ਵੱਲ ਨਜ਼ਰ ਘੁਮਾਈ। "ਭਲਾ ਵੀਰੂ, ਆਪਾਂ ਤਾਂ ਘਾਹ-ਪੱਤਾ ਖਾ ਕੇ ਗੁਜ਼ਾਰਾ ਕਰ ਲਵਾਂਗੇ............. ਬੰਦੇ ਕੀ ਖਾਣਗੇ?"

"ਇਹ ਗੱਲ ਉਹੀਓ ਸੋਚਣ, ਚੱਲ ਆਪਾਂ ਲੂੰਗ ਖਾਈਏ।"

"ਓਏ, ਮਾਰ ਲਓ ਮੂੰਹ ਲੁੰਗ ਨੂੰ, ਸੁੰਘ ਕੇ ਈ ਹਟ ਗਏ।" ਅੱਜ ਭਾਗ ਨੇ ਛੋਟੇ-ਛੋਟੇ ਮੇਮਣਿਆਂ ਲਈ ਦਾਤ ਨਾਲ਼ ਕਿੱਕਰ ਛਾਂਗੀ ਸੀ। ਭਾਗ ਹਰ ਰੋਜ਼ ਹੀ ਕਿੱਕਰ, ਬੇਰੀ ਜਾਂ ਤੂਤ ਦੀਆਂ ਲਗਰਾਂ ਵੱਢ ਕੇ ਮੇਮਣਿਆਂ ਨੂੰ ਪਾਉਂਦਾ ਸੀ ਤਾਂ ਜੋ ਉਹ ਰੱਜ ਕੇ ਦੁੱਧ ਦੀ ਝਾਕ ਨਾ ਰੱਖਣ।

"ਮੰਗੂ ਵੀਰੇ! ਅਸੀਂ ਨਹੀਂ ਖਾਣੀ ਲੁੰਗ, ਭਾਗ ਆਜੜੀ ਹਰ ਰੋਜ਼ ਕੋਈ ਨਾ ਕੋਈ ਰੁੱਖ ਵੱਢ ਦਿੰਦੈ," ਵੀਰੂ ਰੋਸੇ ਜਿਹੇ ਨਾਲ਼ ਬੋਲਿਆ।

"ਯਾਰ, ਮਾਂ ਦਾ ਦੁੱਧ ਵੀ ਪੀਣ ਨੂੰ ਨਹੀਂ ਮਿਲ਼ਦਾ, ਆਪਾਂ ਫਿਰ ਭੁੱਖੇ ਮਰੀਏ?" ਮੰਗੂ, ਡੱਬੂ ਤੇ ਕਾਲ਼ਾ ਇੱਕ-ਦੂਜੇ ਦੇ ਮੂੰਹ ਵੱਲ ਦੇਖਣ ਲੱਗ ਪਏ।

"ਐਂ ਤਾਂ ਸਾਰੇ ਰੁੱਖ ਮੁੱਕ ਜਾਣਗੇ। ਫਿਰ ਮੀਂਹ ਪੈਣ ਤੋਂ ਹਟ ਜਾਣਗੇ। ਧਰਤੀ ਬੰਜਰ ਹੋ ਜਾਊ," ਵੀਰੂ ਨੇ ਰੋਣਹਾਕਾ ਮੂੰਹ ਬਣਾ ਕੇ ਕਿਹਾ।

"ਅੱਛਾ! ਪਰ ਤੈਨੂੰ ਕਿਵੇਂ ਪਤਾ?" ਸਾਰੇ ਮੇਮਣੇ ਵੀਰੂ ਦੇ ਆਲ਼ੇ-ਦੁਆਲ਼ੇ ਇਕੱਠੇ ਹੋ ਗਏ।

"ਪਿਛਲੇ ਦਿਨੀਂ ਸ਼ਹਿਰ ਤੋਂ ਇੱਕ ਬੰਦਾ ਖੇਤ ਦੇਖਣ ਆਇਆ ਸੀ.... ਮੈਂ ਤੇ ਮਾਂ ਨੇ ਸਾਰਾ ਕੁਝ ਉਸ ਦੇ ਮੂੰਹੋਂ ਸੁਣਿਆ। ਨਾਲ਼ੇ ਉਹ ਆਖਦਾ ਸੀ, ਜੇ ਇਸੇ ਤਰ੍ਹਾਂ ਹੀ ਰੁੱਖ ਵੱਢੇ ਜਾਂਦੇ ਰਹੇ ਤਾਂ ਪਾਣੀ ਦੀ ਘਾਟ ਹੋ ਜਾਊ। ਹੋਰ ਤਾਂ ਹੋਰ ਸਾਹ ਲੈਣ ਵਾਲ਼ੀ ਹਵਾ ਵੀ ਠੀਕ ਨਹੀਂ ਰਹਿਣੀ।" ਵੀਰੂ ਦੀ ਗੱਲ ਸੁਣ ਕੇ ਉਹ ਸਾਰੇ ਸੋਚੀਂ ਪੈ ਗਏ।

ਪਾਠ-ਅਭਿਆਸ

1. ਦੱਸੋ :

(ੳ) ਮੇਮਣਿਆਂ ਨੂੰ ਘਾਹ-ਪੱਤਾ ਕਿਹੋ-ਜਿਹਾ ਲੱਗਦਾ ਸੀ?

....

....

(ਅ) ਭਾਗ ਹਰ ਰੋਜ਼ ਹੀ ਰੁੱਖਾਂ ਦੀਆਂ ਲਗਰਾਂ ਵੱਢ ਕੇ ਮੇਮਣਿਆਂ ਨੂੰ ਕਿਉਂ ਪਾਉਂਦਾ ਸੀ?

....

....

(ੲ) ਵੀਰੂ ਨੇ ਰੋਣਹਾਕਾ ਮੂੰਹ ਬਣਾ ਕੇ ਮੰਗੂ ਨੂੰ ਕੀ ਕਿਹਾ?

....

....

(ਸ) ਸ਼ਹਿਰ ਤੋਂ ਆਏ ਬੰਦੇ ਨੇ ਕੀ ਆਖਿਆ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਵੀਰੂ ਤੇ ਮੰਗੂ .... ਦਾ ਦੁੱਧ ਪੀਣ ਲਈ ਮੌਕਾ ਲੱਭਦੇ ਰਹਿੰਦੇ।

(ਅ) ਹੁਣ ਤਾਂ .... ਦੀ ਤਿੜ ਵੀ ਭਾਲ਼ੀ ਨਹੀਂ ਲੱਭਦੀ।

(ੲ) ਆਪਾਂ ਤਾਂ .... ਖਾ ਕੇ ਗੁਜ਼ਾਰਾ ਕਰ ਲਵਾਂਗੇ।

(ਸ) ਭਾਗ ਨੇ ਛੋਟੇ-ਛੋਟੇ ਮੇਮਣਿਆਂ ਲਈ .... ਨਾਲ਼ ਕਿੱਕਰ ਛਾਂਗੀ ਸੀ।

(ਹ) ਸ਼ਹਿਰ ਤੋਂ ਇੱਕ ਬੰਦਾ .... ਦੇਖਣ ਆਇਆ ਸੀ।

(ਦਾਤ, ਘਾਹ-ਪੱਤਾ, ਖੇਤ, ਘਾਹ, ਮਾਂ)

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਕੁਸੈਲਾ : ....

ਹਿੰਮਤ : ....

ਗੁਜ਼ਾਰਾ : ....

ਬੰਜਰ : ....

ਆਲ਼ੇ-ਦੁਆਲੇ : ....

4. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਪੁੱਤਰ, ਤੂੰ ਵੱਡਾ ਹੋ ਗਿਆ ਏਂ, ਹੁਣ ਘਾਹ-ਪੱਤਾ ਚੁਗਿਆ ਕਰ।"

....

(ਅ) "ਤੂੰ ਵੀ ਹਿੰਮਤ ਕਰ ਲੈ।"

....

(ੲ) "ਭਲਾ, ਇਹ 'ਵਾਜਾਂ ਕੌਣ ਮਾਰਦੈ ?"

....

(ਸ) "ਅਸੀਂ ਨਹੀਂ ਖਾਣੀ ਲੁੰਗ, ਭਾਗ ਆਜੜੀ ਹਰ ਰੋਜ਼ ਕੋਈ ਨਾ ਕੋਈ ਰੁੱਖ ਵੱਢ ਦਿੰਦੈ।"

....

ਬੱਕਰੀ ਦੇ ਦੁੱਧ ਦੀ ਮੱਹਤਤਾ ਬਾਰੇ ਆਪਣੇ ਅਧਿਆਪਕ ਕੋਲ਼ੋਂ ਜਾਣਕਾਰੀ ਪ੍ਰਾਪਤ ਕਰੋ।

******

ਪਾਠ-9

ਕੀ ਖਾਈਏ, ਕੀ ਨਾ ਖਾਈਏ

ਸਵੇਰ ਦਾ ਸਮਾਂ ਹੈ। ਹਰਮਨ ਤੇ ਸਿਮਰਨ ਸਕੂਲ ਜਾਣ ਲਈ ਤਿਆਰ ਹੋ ਰਹੇ ਹਨ। ਉਹਨਾਂ ਦੇ ਮੰਮੀ ਰਸੋਈ ਵਿੱਚ ਕੰਮ ਕਰ ਰਹੇ ਹਨ।

ਹਰਮਨ : ਮੰਮੀ ਮੇਰੇ ਟਿਫ਼ਨ ਵਿੱਚ ਅੱਜ ਨੂਡਲਜ਼ ਬਣਾ ਕੇ ਪਾ ਦਿਓ। ਅੱਜ ਮੈਂ ਸਕੂਲ ਨੂਡਲਜ਼ ਲੈ ਕੇ ਜਾਣੀਆਂ ਨੇ।

ਸਿਮਰਨ : ਮੰਮੀ, ਮੈਂ ਵੀ ਚਾਕਲੇਟ ਤੇ ਚਿਪਸ ਲੈ ਕੇ ਜਾਵਾਂਗੀ। ਕੱਲ੍ਹ ਅਰਸ਼ੀ ਵੀ ਚਾਕਲੇਟ ਤੇ ਚਿਪਸ ਲੈ ਕੇ ਆਈ ਸੀ।

ਮੰਮੀ : ਤੁਸੀਂ ਦੋਵੇਂ ਚੁੱਪ ਕਰੋ। ਕਿਉਂ ਸਵੇਰੇ-ਸਵੇਰੇ ਰੌਲ਼ਾ ਪਾਇਐ। ਤੁਸੀਂ ਦੋਵੇਂ ਇੱਕ-ਇੱਕ ਪਰੌਂਠੀ ਲੈ ਕੇ ਜਾਓਗੇ। ਕੋਈ ਨੂਡਲਜ਼ ਨਹੀਂ, ਨਾ ਹੀ ਚਾਕਲੇਟ ਖਾਣੀ ਐ। ਚਾਕਲੇਟ ਖਾਣ ਨਾਲ਼ ਦੰਦ ਖ਼ਰਾਬ ਹੁੰਦੇ ਹਨ। ਹਰਮਨ ਦੇ ਦੰਦ ਤਾਂ ਪਹਿਲਾਂ ਹੀ ਖ਼ਰਾਬ ਹਨ।

ਹਰਮਨ : ਕਿਉਂ ਮੰਮੀ ਜੀ, ਰੋਜ਼ ਪਰੌਂਠੀ ਕਿਉਂ.... ਕੀਰਤੀ ਤਾਂ ਰੋਜ਼ਾਨਾ ਬਦਲ-ਬਦਲ ਕੇ ਚੀਜ਼ਾਂ ਲੈ ਕੇ ਆਉਂਦੀ ਐ।

ਮੰਮੀ : ਰੋਜ਼ ਪਰੌਂਠੀ ਨਹੀਂ ਹੁੰਦੀ। ਕੱਲ੍ਹ ਸੇਬ ਦਿੱਤਾ ਸੀ। ਪਰਸੋਂ ਆਮਲੇਟ ਤੇ ਬਰੈੱਡ ਸੀ।

ਸਿਮਰਨ : ਸੇਬ ਤਾਂ ਮੈਂ ਖਾਧਾ ਹੀ ਨਹੀਂ, ਨੀਟੂ ਨੂੰ ਦੇ ਦਿੱਤਾ ਸੀ। ਮੈਨੂੰ ਸੇਬ ਚੰਗਾ ਨਹੀਂ ਲੱਗਦਾ।

ਮੰਮੀ : ਕਿਉਂ ਨਹੀਂ ਚੰਗਾ ਲੱਗਦਾ....? ਸੇਬ ਤਾਂ ਹਰ ਰੋਜ਼ ਖਾਣਾ ਚਾਹੀਦੈ। ਫਲ਼ ਖਾਣਾ ਚੰਗਾ ਹੁੰਦੈ। ਤੁਹਾਡੇ ਨਾਨਾ ਜੀ ਕਹਿੰਦੇ ਹੁੰਦੇ ਸਨ ਕਿ ਜਿਸ ਫਲ਼ ਦਾ ਵੀ ਮੌਸਮ ਹੋਵੇ, ਉਹ ਜ਼ਰੂਰ ਖਾਓ।

ਸਿਮਰਨ : ਫਲ਼ ਖਾਣਾ ਕਿਉਂ ਚੰਗਾ ਹੁੰਦੈ?

ਮੰਮੀ : ਬੇਟਾ! ਫਲ਼ ਖਾਣ ਨਾਲ਼ ਤੰਦਰੁਸਤ ਰਹੀਦਾ। ਫਲ਼ਾਂ ਤੋਂ ਸਾਨੂੰ ਕਈ ਤਰ੍ਹਾਂ ਦੇ ਖ਼ੁਰਾਕੀ ਤੱਤ ਮਿਲ਼ਦੇ ਹਨ ਤੇ ਸਾਡਾ ਸਰੀਰ ਰਿਸ਼ਟ-ਪੁਸ਼ਟ ਰਹਿੰਦੈ।

ਹਰਮਨ : ਨਹੀਂ ਜੀ, ਮੈਂ ਤਾਂ ਅੱਜ ਨੂਡਲਜ਼ ਹੀ ਲੈ ਕੇ ਜਾਊਂਗਾ.....।

ਮੰਮੀ : ਬੇਟਾ! ਨੂਡਲਜ਼ ਸ਼ਾਮ ਨੂੰ ਬਣਾ ਦੇਵਾਂਗੀ। ਦੁਪਹਿਰ ਤੱਕ ਤਾਂ ਨੂਡਲਜ਼ ਠੰਢੀਆਂ ਹੋ ਜਾਣਗੀਆਂ। ਨੂਡਲਜ਼ ਕੋਈ ਵਧੀਆ ਖ਼ੁਰਾਕ ਨਹੀਂ, ਹਾਂ ਕਦੇ-ਕਦੇ ਖਾ ਲਓ, ਉਹ ਵੀ ਘਰ ਮੰਮੀ ਦੀਆਂ ਬਣਾਈਆਂ ਹੋਈਆਂ।

ਹਰਮਨ : ਚੱਲੋ, ਮੈਂ ਤਾਂ ਅੱਜ ਕੁਝ ਨਹੀਂ ਲੈ ਕੇ ਜਾਂਦਾ। ਉੱਥੇ ਮੈਂ ਰੇੜ੍ਹੀ ਵਾਲ਼ੇ ਭਾਈ ਤੋਂ ਕੁਲਚੇ-ਛੋਲੇ ਲੈ ਕੇ ਖਾਵਾਂਗਾ।

ਮੰਮੀ : ਨਹੀਂ ਬੇਟਾ! ਰੇੜ੍ਹੀ ਵਾਲ਼ੇ ਭਾਈ ਤੋਂ ਕੁਲਚੇ-ਛੋਲੇ ਲੈ ਕੇ ਨਹੀਂ ਖਾਣੇ। ਬਜ਼ਾਰ ਦੀ ਚੀਜ਼ ਸਾਫ਼-ਸੁਥਰੀ ਨਹੀਂ ਹੁੰਦੀ।

ਸਿਮਰਨ : ਤੁਹਾਨੂੰ ਕਿਵੇਂ ਪਤੈ ਮੰਮੀ?

ਮੰਮੀ : ਪੁੱਤਰ, ਬਜ਼ਾਰ ਵਿੱਚ ਚੀਜ਼ਾਂ ਪੂਰੀ ਤਰ੍ਹਾਂ ਢੱਕ ਕੇ ਨਹੀਂ ਰੱਖੀਆਂ ਹੁੰਦੀਆਂ। ਰਾਹ ਦਾ ਮਿੱਟੀ-ਘੱਟਾ ਵੀ ਉੱਡ ਕੇ ਪੈ ਜਾਂਦੈ। ਘਰ ਵਿੱਚ ਤਾਂ ਅਸੀਂ ਭੋਜਨ ਤਿਆਰ ਕਰਨ ਵੇਲ਼ੇ ਕਿੰਨੀ ਸਫ਼ਾਈ ਰੱਖਦੇ ਆਂ। ਨਾਲ਼ੇ ਬਜ਼ਾਰ ਦੀਆਂ ਚੀਜ਼ਾਂ ਵਿੱਚ ਮਿਰਚ-ਮਸਾਲੇ ਵੀ ਬਹੁਤ ਪਾਏ ਹੁੰਦੇ ਹਨ।

ਹਰਮਨ : ਮੰਮੀ, ਮਿਰਚ ਨਾਲ਼ ਤਾਂ ਮੂੰਹ ਕਰਾਰਾ ਹੋ ਜਾਵੇਗਾ। ਨਾਲ਼ੇ ਮੈਂ ਰੇੜ੍ਹੀ ਵਾਲ਼ੇ ਭਾਈ ਤੋਂ ਕੋਲਡ-ਡ੍ਰਿੰਕ ਲੈ ਕੇ ਵੀ ਪੀਵਾਂਗਾ।

ਮੰਮੀ : ਨਹੀਂ-ਨਹੀਂ ਕੋਲਡ-ਡ੍ਰਿੰਕ ਬਿਲਕੁਲ ਨਹੀਂ ਪੀਣਾ। ਸ਼ਾਮ ਨੂੰ ਮੈਂ ਤੁਹਾਨੂੰ ਮੈਂਗੋ-ਸ਼ੇਕ ਬਣਾ ਕੇ ਦੇਵਾਂਗੀ।

ਸਿਮਰਨ : ਅੱਛਾ ਮੰਮੀ ਜੀ! ਇਹ ਦੱਸੋ ਕਿ ਅਸੀਂ ਬਜ਼ਾਰ ਦੀ ਆਈਸਕ੍ਰੀਮ ਖਾ ਸਕਦੇ ਹਾਂ ਜਾਂ ਉਹ ਵੀ ਨਹੀਂ ਖਾਣੀ।

ਮੰਮੀ : ਨਹੀਂ ਬੱਚੇ! ਬਜ਼ਾਰ ਦੀ ਆਈਸਕ੍ਰੀਮ ਵੀ ਨਹੀਂ ਖਾਣੀ ਚਾਹੀਦੀ। ਆਈਸਕ੍ਰੀਮ ਖਾਣ ਨਾਲ਼ ਗਲ਼ਾ ਖ਼ਰਾਬ ਹੋ ਜਾਂਦਾ ਹੈ। ਖਾਂਸੀ ਤੇ ਬੁਖ਼ਾਰ ਹੋਣ ਦਾ ਵੀ ਡਰ ਰਹਿੰਦਾ ਹੈ।

ਸਿਮਰਨ : ਫਿਰ ਕੀ ਖਾਈਏ ਤੇ ਕੀ ਨਾ ਖਾਈਏ......? ਤੁਸੀਂ ਤਾਂ ਸਾਰੀਆਂ ਚੀਜ਼ਾਂ ਨੂੰ ਹੀ ਕਹੀ ਜਾਂਦੇ ਹੋ ਕਿ ਇਹ ਵੀ ਨਹੀਂ ਖਾਣਾ..... ਉਹ ਵੀ ਨਹੀਂ ਖਾਣਾ. ....।

ਮੰਮੀ : ਹਰ ਮੌਸਮ ਦੇ ਤਾਜ਼ੇ ਫਲ਼, ਸਬਜ਼ੀਆਂ, ਦਾਲ਼ਾਂ, ਰੋਟੀ, ਚਾਵਲ, ਦੁੱਧ, ਦਹੀਂ...... ਕਿੰਨਾ ਕੁਝ ਹੈ ਖਾਣ ਨੂੰ। ਲਓ, ਹੁਣ ਘਰੋਂ ਨਾਸ਼ਤਾ ਕਰਕੇ ਜਾਓ। ਦੇਖੋ, ਤੁਹਾਡੇ ਦੁੱਧ ਦੇ ਗਲਾਸ ਹਾਲੇ ਤੱਕ ਉਸੇ ਤਰ੍ਹਾਂ ਪਏ ਹਨ। ਤੁਹਾਨੂੰ ਬੱਚਿਆਂ ਨੂੰ ਦੁੱਧ ਜ਼ਰੂਰ ਪੀਣਾ ਚਾਹੀਦੈ।

ਹਰਮਨ : ਮੰਮੀ, ਬੱਸ ਤੁਸੀਂ ਤਾਂ ਸਾਰਾ ਦਿਨ ਖਾਣ-ਪੀਣ ਬਾਰੇ ਹੀ ਸਮਝਾਉਂਦੇ ਰਹਿੰਦੇ ਓ।

ਮੰਮੀ : ਬੱਚੇ! ਮਾਂ-ਬਾਪ ਨੇ ਹੀ ਬੱਚਿਆਂ ਨੂੰ ਸਮਝਾਉਣਾ ਹੁੰਦੈ ਹੈ। ਬਚਪਨ ਵਿੱਚ ਖਾਣ-ਪੀਣ ਦੀਆਂ ਗ਼ਲਤ ਆਦਤਾਂ ਵੱਡੇ ਹੋ ਕੇ ਵੀ ਸਾਨੂੰ ਤੰਗ ਕਰਦੀਆਂ ਹਨ।

ਚੰਗੀ ਖ਼ੁਰਾਕ ਹੀ ਚੰਗੀ ਸਿਹਤ ਦਾ ਰਾਜ਼ ਐ। ਸਿਹਤ ਚੰਗੀ ਹੋਵੇਗੀ ਤਾਂ ਤੁਸੀਂ ਪੜ੍ਹਾਈ ਵੀ ਚੰਗੀ ਤਰ੍ਹਾਂ ਕਰ ਸਕੋਗੇ.... ਸ਼ਾਬਾਸ਼.....! ਦੇਖੀਏ ਕਿਹੜਾ ਬੱਚਾ ਪਹਿਲਾਂ ਦੁੱਧ ਦਾ ਗਲਾਸ ਖ਼ਾਲੀ ਕਰਦੈ।

ਦੋਵੇਂ ਬੱਚੇ ਦੁੱਧ ਪੀ ਲੈਂਦੇ ਹਨ ਤੇ ਆਪਣੇ-ਆਪਣੇ ਬਸਤਿਆਂ ਵਿੱਚ ਟਿਫ਼ਨ ਪਾ ਕੇ ਸਕੂਲ ਚਲੇ ਜਾਂਦੇ ਹਨ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸਿਮਰਨ ਸਕੂਲ ਕੀ ਲਿਜਾਣਾ ਚਾਹੁੰਦੀ ਸੀ?

....

....

(ਅ) ਚਾਕਲੇਟ ਖਾਣ ਨਾਲ਼ ਕੀ ਹੁੰਦਾ ਹੈ?

....

....

(ਏ) ਫਲ਼ ਖਾਣੇ ਕਿਉਂ ਚੰਗੇ ਹੁੰਦੇ ਹਨ?

....

....

(ਸ) ਬਜ਼ਾਰ ਦੀ ਚੀਜ਼ ਕਿਉਂ ਨਹੀਂ ਖਾਣੀ ਚਾਹੀਦੀ?

....

....

(ਹ) ਚੰਗੀ ਸਿਹਤ ਦਾ ਕੀ ਰਾਜ਼ ਹੈ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਮੇਰੇ ਟਿਫ਼ਨ ਵਿੱਚ ਅੱਜ .... ਬਣਾ ਕੇ ਪਾ ਦਿਓ।

(ਅ) .... ਤਾਂ ਹਰ ਰੋਜ਼ ਖਾਣਾ ਚਾਹੀਦਾ ਹੈ।

(ੲ) ਨੂਡਲਜ਼ ਕੋਈ ਵਧੀਆ .... ਨਹੀਂ।

(ਸ) ਆਈਸਕ੍ਰੀਮ ਖਾਣ ਨਾਲ਼ .... ਖ਼ਰਾਬ ਹੋ ਜਾਂਦਾ ਹੈ।

(ਹ) ਜਿਸ .... ਦਾ ਵੀ ਮੌਸਮ ਹੋਵੇ, ਉਹ ਜ਼ਰੂਰ ਖਾਓ।

(ਕ) ਬੱਚਿਆਂ ਨੂੰ .... ਜ਼ਰੂਰ ਪੀਣਾ ਚਾਹੀਦਾ ਹੈ।

(ਫਲ਼, ਦੁੱਧ, ਸੇਬ, ਖ਼ੁਰਾਕ, ਨੂਡਲਜ਼, ਗਲ਼ਾ)

3. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਤੰਦਰੁਸਤ : ....

ਭੋਜਨ : ....

ਬਚਪਨ : ....

ਮੌਸਮ : ....

ਰਾਜ਼ : ....

4. **ਤੁਸੀਂ ਜੋ ਖਾਣਾ/ਪੀਣਾ ਪਸੰਦ ਕਰਦੇ ਹੋ, ਉਸ ਉੱਤੇ (✓) ਦਾ ਨਿਸ਼ਾਨ ਲਾਓ ਤੇ ਜੋ ਨਹੀਂ ਪਸੰਦ ਕਰਦੇ, ਉਸ ਉੱਤੇ (×) ਦਾ ਨਿਸ਼ਾਨ ਲਾਓ :**

ਦਲੀਆ ( ), ਪਰੌਂਠਾ ( ), ਮਿੱਸੀ ਰੋਟੀ ( ), ਬ੍ਰੈੱਡ ਤੇ ਆਮਲੇਟ ( ), ਨੂਡਲਜ਼ ( ), ਚਿਪਸ ( ), ਚਾਕਲੇਟ ( ), ਦੁੱਧ ( ), ਸ਼ਕੰਜਵੀ ( ), ਕੋਲਡ-ਡ੍ਰਿੰਕ ( ), ਆਈਸਕ੍ਰੀਮ ( ), ਮੈਂਗੋਸ਼ੇਕ ( ), ਚਾਹ ( ), ਕਾਫ਼ੀ ( ), ਲੱਸੀ ( ), ਰੋਟੀ ( ), ਫਲ਼ ( )।

5. **ਇਸ ਪਾਠ ਵਿੱਚ ਕੁਝ ਖਾਣ/ਪੀਣ ਵਾਲ਼ੀਆਂ ਚੀਜ਼ਾਂ ਦੇ ਅੰਗਰੇਜ਼ੀ ਨਾਂ ਆਏ ਹਨ। ਇਹਨਾਂ ਨੂੰ ਸੋਹਣਾ ਕਰਕੇ ਲਿਖੋ :**

ਟਿਫ਼ਨ TIFFIN ....

ਨੂਡਲਜ਼ NOODLES ....

ਚਾਕਲੇਟ CHOCOLATE ....

ਚਿਪਸ CHIPS ....

ਬ੍ਰੈੱਡ-ਆਮਲੇਟ BREAD – OMELET ....

ਕੋਲਡ-ਡ੍ਰਿੰਕ	COLD – DRINK	....
ਮੈਂਗੋਸ਼ੇਕ	MANGO SHAKE	....
ਆਈਸਕ੍ਰੀਮ	ICE – CREAM	....

ਆਪਣੀਆਂ ਮਨ-ਭਾਉਂਦੀਆਂ
ਖਾਣ-ਪੀਣ ਵਾਲੀਆਂ ਚੀਜ਼ਾਂ
ਦੀ ਸੂਚੀ ਬਣਾਓ

******

ਪਾਠ - 10

ਗੁਟਰ-ਗੂੰ.....ਗੁਟਰ-ਗੂੰ

ਗੁਟਰ-ਗੂੰ...........
ਗੁਟਰ-ਗੂੰ...........
ਲੋਕ ਕਹਿਣ ਮੈਨੂੰ ਚੀਨਾ, ਗੋਲਾ
ਰੰਗ-ਬਰੰਗਾ, ਬੁੱਝ ਲੈ ਤੂੰ.....।

ਖੰਭ ਨੇ ਮੇਰੇ ਰੰਗ-ਬਰੰਗੇ
ਚਿੱਟੇ, ਕਾਲ਼ੇ, ਲੱਗਦੇ ਚੰਗੇ
ਲਾਲਬਿੰਦਾ ਤੇ ਲੋਟਣ, ਗੋਲ਼ਾ
ਕਿੰਨੇ ਹੀ ਮੇਰੇ ਨਾਂ ਨੇ ਊਂ.....
ਗੁਟਰ-ਗੂੰ .... ਗੁਟਰ-ਗੂੰ....।

ਮੌਜਾਂ ਨਾਲ਼ ਮੈਂ ਚੁਗਦਾ ਦਾਣੇ
ਚੋਗਾ ਜਦ ਵੀ ਪਾਉਣ ਨਿਆਣੇ
ਤੋਤਲਿਆਂ ਨਾਲ਼ ਗੱਲਾਂ ਕਰਦਾ
ਚੋਗੇ ਵੱਲ ਵੀ ਰੱਖਦਾ ਮੂੰਹ.....
ਗੁਟਰ-ਗੂੰ .... ਗੁਟਰ-ਗੂੰ....।

ਅੰਬਰੀਂ ਜਦੋਂ ਉਡਾਰੀ ਲਾਵਾਂ
ਬੱਦਲ਼ਾਂ ਤੋਂ ਉੱਚਾ ਉੱਡ ਜਾਵਾਂ
ਘਰ ਦਾ ਮੈਂ ਰਾਹ ਨਹੀਂ ਭੁੱਲਦਾ
ਮੁੜ ਆਵਾਂ ਆਥਣ ਨੂੰ.......
ਗੁਟਰ-ਗੂੰ .... ਗੁਟਰ-ਗੂੰ....।

ਕਦੇ ਕਿਸੇ ਢੋਲ ਦੀ ਚਿੱਠੀ
ਮਰਗ, ਵਿਆਹ ਦੀ ਕੌੜੀ-ਮਿੱਠੀ
ਖ਼ਬਰਾਂ ਮੈਂ ਹੀ ਪਹੁੰਚਾਂਦਾ ਸੀ
ਕਦੇ ਨਾ ਕਰਦਾ ਚੂੰ, ਚਾਂ, ਚੂੰ.....
ਗੁਟਰ-ਗੂੰ .... ਗੁਟਰ-ਗੂੰ....।

ਮੈਂ ਗਾਵਾਂ ਗੀਤ ਅਮਨ ਦਾ
ਭਲਾ ਲੋੜਦਾ ਸਭਨਾਂ ਦਾ
ਰਲ਼ ਕੇ ਰਹਿਣਾ ਮੈਥੋਂ ਸਿੱਖੋ
ਮਨ 'ਚੋਂ ਕੱਢੋ ਨਫ਼ਰਤ ਨੂੰ....
ਗੁਟਰ-ਗੂੰ .... ਗੁਟਰ-ਗੂੰ....।

ਪਾਠ-ਅਭਿਆਸ

1. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਗੁਟਰ-ਗੂੰ .... ਗੁਟਰ-ਗੂੰ... ਕਿਹੜਾ ਪੰਛੀ ਬੋਲਦਾ ਹੈ ?

....

....

(ਅ) ਕਬੂਤਰ ਦੇ ਖੰਭ ਕਿਹੜੇ-ਕਿਹੜੇ ਰੰਗ ਦੇ ਹੁੰਦੇ ਹਨ ?

....

....

(ੲ) ਕਬੂਤਰ ਦੇ ਹੋਰ ਨਾਂ ਲਿਖੋ ?

....

....

(ਸ) ਕਬੂਤਰ ਤੋਂ ਕੀ ਕੰਮ ਲਿਆ ਜਾਂਦਾ ਸੀ ?

....

....

(ਹ) ਕਬੂਤਰ ਕਿਹੜਾ ਗੀਤ ਗਾਉਂਦਾ ਹੈ ?

....

....

2. ਪੜ੍ਹੋ ਅਤੇ ਸਮਝੋ :

ਨਿਆਣੇ : ਸਿਆਣੇ

ਉੱਚਾ : ਨੀਵਾਂ

ਅਮਨ : ਜੰਗ

ਕੌੜੀ : ਮਿੱਠੀ

ਕਾਲ਼ੇ : ਚਿੱਟੇ

ਬੁਰਾ : ਭਲਾ

ਚੰਗੇ : ਮਾੜੇ

3. ਸੋਹਣਾ ਕਰਕੇ ਲਿਖੋ :

ਮੈਂ ਗਾਵਾਂ ਗੀਤ ਅਮਨ ਦਾ
ਭਲਾ ਲੋੜਦਾ ਸਭਨਾਂ ਦਾ
ਰਲ਼ ਕੇ ਰਹਿਣਾ ਮੈਥੋਂ ਸਿੱਖੋ
ਮਨ 'ਚੋਂ ਕੱਢੋ ਨਫ਼ਰਤ ਨੂੰ....
ਗੁਟਰ-ਗੂੰ .... ਗੁਟਰ-ਗੂੰ....।

....

....

....

....

....

4. ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :

— ਮਰਗ : ਮਰਗ ਦਾ ਅਰਥ ਹੈ 'ਮਿਰਤੂ'। ਇਸ ਲਈ 'ਮੌਤ' ਤੇ 'ਕਾਲ' ਸ਼ਬਦ ਵੀ ਵਰਤਿਆ ਜਾਂਦਾ ਹੈ।

— ਆਥਣ : ਆਥਣ ਦਾ ਅਰਥ ਹੈ 'ਸੰਝ'। ਇਸ ਲਈ 'ਤਕਾਲ਼ਾਂ' ਤੇ 'ਸ਼ਾਮ' ਸ਼ਬਦ ਵੀ ਵਰਤਿਆ ਜਾਂਦਾ ਹੈ।

ਕੋਈ ਦਸ ਪੰਛੀਆਂ ਦੇ ਨਾਂ ਯਾਦ ਕਰੋ।

******

ਪਾਠ-11

ਨਾਨੀ ਦੀ ਸਿੱਖਿਆ

ਬੁੱਧੂ ਬੁੱਧਵਾਰ ਵਾਲ਼ੇ ਦਿਨ ਜੰਮਿਆ ਸੀ। ਉਸ ਦੀ ਨਾਨੀ ਨੇ ਉਸ ਦਾ ਨਾਮ ਬੁੱਧ ਰਾਮ ਰੱਖਿਆ। ਨਾਨੀ ਦੀ ਇੱਛਾ ਸੀ ਕਿ ਉਸ ਦਾ ਦੋਹਤਾ ਬੁੱਧੀ ਵਾਲ਼ਾ ਹੋਵੇ। ਹੋਇਆ ਇਹ ਕਿ ਬੁੱਧ ਰਾਮ ਦਸ ਵਰ੍ਹਿਆਂ ਦਾ ਹੋ ਕੇ ਵੀ ਪੜ੍ਹਨੇ ਨਹੀਂ ਪਿਆ। ਮਾਂ ਉਸ ਨੂੰ ਸਕੂਲ ਲੈ ਕੇ ਜਾਂਦੀ ਪਰ ਉਹ ਘਰ ਨੂੰ ਭੱਜ ਆਉਂਦਾ। ਬੁੱਧ ਰਾਮ ਸਾਰਾ ਦਿਨ ਖੇਡਦਾ ਰਹਿੰਦਾ। ਫਿਰ ਖਾ-ਪੀ ਕੇ ਸੌਂ ਜਾਂਦਾ। ਕੰਮ ਵੀ ਕੋਈ ਨਾ ਕਰਦਾ। ਉਸ ਨੂੰ ਨਿਕੰਮਾ ਜਾਣ ਕੇ ਸਾਰਿਆਂ ਨੇ ਉਸ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਬੁੱਧੂ ਦਾ ਮਤਲਬ ਸੀ-ਸਿੱਧੜ।

ਇੱਕ ਦਿਨ ਉਹ ਆਪਣੇ ਨਾਨਕੇ ਜਾਣ ਦੀ ਜ਼ਿਦ ਕਰਨ ਲੱਗਾ। ਮਾਂ ਨੇ ਸੋਚਿਆ, "ਠੀਕ ਹੈ, ਜਾ ਆਵੇ। ਇੱਥੇ ਵੀ ਇਸ ਨੇ ਵਿਹਲੇ ਹੀ ਘੁੰਮਣਾ ਹੈ।"

ਬੁੱਧੂ ਨੇ ਨਵੇਂ ਕੱਪੜੇ ਪਾਏ। ਤੇ ਪੈਰਾਂ ਵਿੱਚ ਨਵੀਂ ਜੁੱਤੀ ਪਾ ਲਈ। ਇਹ ਤੁਰਨ ਵੇਲ਼ੇ ਚੀਂ-ਚੀਂ ਕਰਦੀ। ਬੁੱਧੂ ਨੂੰ ਚਾਅ ਚੜ੍ਹ ਗਿਆ। "ਮਾਂ ਮੈਂ ਜਾਵਾਂ ?", ਉਸ ਨੇ ਮਾਂ ਤੋਂ ਪੁੱਛਿਆ। "ਉੱਡ ਜਾ, ਉੱਡ ਜਾ," ਮਾਂ ਨੇ ਖਹਿੜਾ ਛੁਡਾਉਣ ਲਈ ਕਿਹਾ।

ਬੁੱਧੂ ਤੁਰਦਾ ਗਿਆ। ਨਾਲ਼ ਹੀ ਮਾਂ ਦੇ ਆਖੇ ਸ਼ਬਦ,"ਉੱਡ ਜਾ, ਉੱਡ ਜਾ," ਬੋਲਣ ਲੱਗਿਆ। ਰਾਹ ਵਿੱਚ ਇੱਕ ਬੀੜ ਸੀ। ਇੱਕ ਸ਼ਿਕਾਰੀ ਨੇ ਸ਼ਿਕਾਰ ਨੂੰ ਫੜਨ ਲਈ ਜਾਲ਼ ਵਿਛਾਇਆ ਹੋਇਆ ਸੀ। ਇੱਕ ਤਾਂ ਬੁੱਧੂ ਦੀ ਜੁੱਤੀ ਦੀ ਅਵਾਜ਼ ਆ ਰਹੀ ਸੀ, ਦੂਜਾ ਉਹ "ਉੱਡ ਜਾ, ਉੱਡ ਜਾ" ਕਹਿੰਦਾ ਜਾਂਦਾ ਸੀ। ਜਦੋਂ ਉਹ ਜਾਲ਼ ਦੇ ਨੇੜੇ ਆਇਆ ਤਾਂ ਜਾਲ਼ ਵਿੱਚ ਫਸਣ ਤੋਂ ਪਹਿਲਾਂ ਹੀ ਪੰਛੀ ਉੱਡ ਗਏ। ਸ਼ਿਕਾਰੀ ਨੂੰ ਗ਼ੁੱਸਾ ਚੜ੍ਹਿਆ। ਉਸ ਨੇ ਬੁੱਧੂ ਨੂੰ ਖ਼ੂਬ ਡਾਂਟਿਆ ਅਤੇ ਆਖਿਆ, "ਮੂਰਖਾ, ਜੇ ਚੁੱਪ ਨਹੀਂ ਰਹਿ ਹੁੰਦਾ ਫਿਰ ਇਹ ਕਹਿੰਦਾ ਜਾਵੀਂ - "ਆਈ ਜਾਓ, ਫਸੀ ਜਾਓ।"

ਬੁੱਧੂ ਆਪਣੇ ਰਾਹ ਤੁਰ ਪਿਆ। ਹੁਣ ਉਸ ਦੇ ਮੂੰਹੋਂ ਇਹੋ ਬੋਲ ਨਿਕਲ਼ਦੇ,"ਆਈ ਜਾਓ, ਫਸੀ ਜਾਓ।" ਅੱਗੇ ਕੁਝ ਚੋਰ ਛਿਪੇ ਬੈਠੇ ਸਨ। ਉਹ ਚੋਰੀ ਕਰਨ ਦੀ ਸੋਚ ਰਹੇ ਸਨ। ਉਹਨਾਂ ਨੂੰ ਬੁੱਧੂ ਦੇ ਬੋਲ ਬਹੁਤ ਬੁਰੇ ਲੱਗੇ। ਉਹਨਾਂ ਨੇ ਵੀ ਬੁੱਧੂ ਨੂੰ ਬੁਰਾ-ਭਲਾ ਕਿਹਾ। ਫਿਰ ਉਹਨਾਂ ਨੇ ਕਿਹਾ,"ਬੋਲਣਾ ਹੀ ਸੀ ਤਾਂ ਆਖਦਾ — ਲਿਆਈ ਜਾਓ, ਰੱਖੀ ਜਾਓ।"

ਚੋਰਾਂ ਦਾ ਸਮਝਾਇਆ, ਉਹ ਅੱਗੇ ਤੁਰ ਪਿਆ। ਉਹ ਕਿਸੇ ਪਿੰਡ ਦੀਆਂ ਮੜ੍ਹੀਆਂ ਕੋਲ਼ੋਂ ਲੰਘਿਆ। ਉਸ ਪਿੰਡ ਦੇ ਲੋਕ ਇੱਕ ਨੌਜਵਾਨ ਦੀ ਅਰਥੀ ਚੁੱਕੀ ਮੜ੍ਹੀਆਂ ਵੱਲ ਜਾ ਰਹੇ ਸਨ। ਉਹਨਾਂ ਨੇ ਬੁੱਧੂ ਦੇ ਬੋਲ ਸੁਣੇ ਤਾਂ ਗ਼ੁੱਸੇ ਨਾਲ਼ ਭਰ ਗਏ। ਇੱਕ ਬਜ਼ੁਰਗ ਨੇ ਖਿਝ ਕੇ ਕਿਹਾ,"ਤੈਨੂੰ ਚੰਗਾ ਬੋਲਣਾ ਨਹੀਂ ਸਿਖਾਇਆ ਕਿਸੇ ਨੇ ? ਇੱਥੇ ਤਾਂ ਹਰ ਕੋਈ ਕਹਿੰਦਾ ਹੈ — ਐਹੋ-ਜਿਹੀ ਕਿਸੇ ਨਾਲ਼ ਨਾ ਹੋਵੇ ?"

ਅੱਗੇ ਤੁਰਦਿਆਂ ਬੁੱਧੂ ਮੁੜ-ਮੁੜ ਆਖੇ,"ਐਹੋ ਜਿਹੀ ਕਿਸੇ ਨਾਲ਼ ਨਾ ਹੋਵੇ।"

ਅਗਲੇ ਪਿੰਡ ਵਿੱਚ ਇੱਕ ਕੁੜੀ ਦਾ ਵਿਆਹ ਸੀ। ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਖ਼ੁਸ਼ ਸਨ। ਉਹਨਾਂ ਦੇ ਕੋਲ਼ੋਂ ਲੰਘਦਿਆਂ ਬੁੱਧੂ ਬੋਲਿਆ,"ਐਹੋ-ਜਿਹੀ ਕਿਸੇ ਨਾਲ਼ ਨਾ ਹੋਵੇ।" ਸੁਣਨ ਵਾਲ਼ਿਆਂ ਨੂੰ ਬੁੱਧੂ ਬੜਾ ਮੂਰਖ ਲੱਗਿਆ। ਫਿਰ ਇੱਕ ਨੇ ਸਮਝਾਇਆ,"ਇਹ ਆਖੀਦਾ ਹੈ ਕਿ ਐਸੀ ਹਰੇਕ ਦੇ ਘਰ ਹੋਵੇ।"

ਸਿੱਧੜ ਬੁੱਧੂ ਅੱਗੇ ਤੁਰਦਾ ਇਹੋ ਬੋਲਦਾ ਗਿਆ। ਥੋੜ੍ਹੀ ਦੂਰ ਅੱਗੇ ਕਿਸੇ ਕਿਰਸਾਣ ਦੀ ਪੱਕੀ ਕਣਕ ਨੂੰ ਅੱਗ ਲੱਗੀ ਹੋਈ ਸੀ। ਲੋਕੀਂ ਅੱਗ ਬੁਝਾ ਰਹੇ ਸਨ। ਉਹ ਅੱਗ ਉੱਪਰ ਪਾਣੀ ਪਾ ਰਹੇ ਸਨ। ਬੁੱਧੂ ਦੇ ਬੋਲ ਸੁਣ-ਸੁਣ ਕੇ ਖਿਝੇ ਹੋਏ ਕਿਰਸਾਣ ਨੇ ਉਸ ਦੇ ਚੰਗੇ ਕੰਨ ਪੁੱਟੇ।

"ਹਾਇ ਰੱਬਾ! ਮੈਂ ਹੁਣ ਕੀ ਕਰਾਂ ?", ਉਸ ਨੇ ਕੂਕ ਮਾਰੀ।

"ਤੂੰ ਚੁੱਪ ਕਰਕੇ ਤੁਰਦਾ ਹੋ।" ਏਨਾ ਆਖਦਿਆਂ ਕਿਰਸਾਣ ਪਾਣੀ ਦੀ ਬਾਲਟੀ ਭਰਨ ਲਈ ਨੱਠ ਗਿਆ।

ਬੁੱਧੂ ਆਪਣੇ ਨਾਨਕੇ ਪਹੁੰਚਿਆ। ਰਾਤ ਨੂੰ ਉਸ ਨੇ ਆਪਣੀ ਨਾਨੀ ਨੂੰ ਆਪ-ਬੀਤੀ ਸੁਣਾਈ। ਤਦ ਨਾਨੀ ਨੇ ਸਮਝਾਇਆ,"ਜੇਕਰ ਤੂੰ ਅਨਪੜ੍ਹ ਰਿਹਾ ਤਾਂ ਹੀ ਬੁੱਧੂ ਬਣ ਗਿਆ। ਪੜ੍ਹਾਈ ਕਰਕੇ ਤੂੰ ਹੁਸ਼ਿਆਰ ਹੋ ਜਾਣਾ ਸੀ। ਫਿਰ ਤੂੰ ਬਿਨਾਂ ਮਤਲਬ ਨਹੀਂ ਸੀ ਬੋਲਣਾ। ਪੜ੍ਹੇ-ਲਿਖੇ ਮੁੰਡੇ-ਕੁੜੀਆਂ ਫ਼ਜ਼ੂਲ ਨਹੀਂ ਬੋਲਦੇ। ਜੇ ਬੋਲਣ ਦੀ ਲੋੜ ਹੋਵੇ ਤਾਂ ਸੋਚ-ਸਮਝ ਕੇ ਹੀ ਬੋਲਦੇ ਹਨ।

ਬੁੱਧੂ ਨੂੰ ਨਾਨੀ ਦੀ ਕਹੀ ਗੱਲ ਸਮਝ ਆ ਗਈ। ਉਹ ਅਗਲੇ ਦਿਨ ਘਰ ਪਰਤ ਆਇਆ। ਫਿਰ ਮਾਂ ਨੂੰ ਕਹਿਣ ਲੱਗਿਆ,"ਕੱਲ੍ਹ ਨੂੰ ਮੈਂ ਪੜ੍ਹਨ ਲਈ ਸਕੂਲ ਜਾਵਾਂਗਾ।" "ਮੈਂ ਸਦਕੇ ਜਾਵਾਂ, ਮੇਰਾ ਬੁੱਧ ਰਾਮ," ਕਹਿ ਕੇ ਮਾਂ ਨੇ ਉਸ ਨੂੰ ਬੁੱਕਲ਼ ਵਿੱਚ ਲੈ ਲਿਆ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਬੁੱਧ ਰਾਮ ਨੂੰ ਸਾਰੇ ਬੁੱਧੂ ਕਿਉਂ ਕਹਿੰਦੇ ਸਨ ?

....

....

(ਅ) ਨਾਨਕੇ ਜਾਣ ਸਮੇਂ ਰਸਤੇ ਵਿੱਚ ਬੁੱਧੂ ਨੂੰ ਕੌਣ-ਕੌਣ ਮਿਲ਼ਿਆ ?

....

....

(ੲ) ਨਾਨਕੇ ਪਹੁੰਚ ਕੇ ਬੁੱਧੂ ਨੇ ਕੀ ਕੀਤਾ ?

....

....

(ਸ) ਨਾਨੀ ਨੇ ਬੁੱਧੂ ਨੂੰ ਕੀ ਸਮਝਾਇਆ ?

....

....

(ਹ) ਆਪਣੇ ਘਰ ਪਰਤ ਕੇ ਬੁੱਧੂ ਨੇ ਮਾਂ ਨੂੰ ਕੀ ਕਿਹਾ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :-

(ੳ) ਸ਼ਿਕਾਰੀ ਨੇ ਸ਼ਿਕਾਰ ਨੂੰ ਫੜਨ ਲਈ .... ਵਿਛਾਇਆ ਹੋਇਆ ਸੀ।

(ਅ) ਕੁਝ .... ਚੋਰੀ ਕਰਨ ਦੀ ਸੋਚ ਰਹੇ ਸਨ।

(ੲ) ਪਿੰਡ ਦੇ ਲੋਕ ਇੱਕ .... ਦੀ ਅਰਥੀ ਚੁੱਕੀ ਮੜ੍ਹੀਆਂ ਵੱਲ ਜਾ ਰਹੇ ਸਨ।

(ਸ) ਅਗਲੇ ਪਿੰਡ ਵਿੱਚ ਇੱਕ .... ਦਾ ਵਿਆਹ ਸੀ।

(ਹ) ਕਿਰਸਾਣ ਦੀ ਪੱਕੀ .... ਨੂੰ ਅੱਗ ਲੱਗੀ ਹੋਈ ਸੀ।

(ਚੋਰ, ਫ਼ਸਲ, ਲੜਕੀ, ਨੌਜਵਾਨ, ਜਾਲ਼)

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਨਿਕੰਮਾ : ....

ਸ਼ਿਕਾਰੀ : ....

ਆਪ-ਬੀਤੀ : ....

ਹੁਸ਼ਿਆਰ : ....

ਫ਼ਜ਼ੂਲ : ....

4. ਪੜ੍ਹੋ ਅਤੇ ਸਮਝੋ :–

ਚਾਅ ਚੜ੍ਹਨਾ : ਬਹੁਤ ਖ਼ੁਸ਼ ਹੋਣਾ

ਖਹਿੜਾ ਛੁਡਾਉਣਾ : ਮਗਰੋਂ ਲਾਹੁਣਾ

ਕੰਨ ਪੁੱਟਣਾ : ਮੱਤ ਦੇਣੀ, ਸਜ਼ਾ ਦੇਣੀ

ਸਦਕੇ ਜਾਣਾ : ਕੁਰਬਾਨ ਜਾਣਾ

ਬੁੱਕਲ਼ ਵਿੱਚ ਲੈਣਾ : ਆਸਰਾ ਦੇਣਾ, ਪਿਆਰ ਕਰਨਾ

5. ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :

— ਨਾਨਕੇ : ਮਾਂ ਦੇ ਪੇਕੇ-ਘਰ ਨੂੰ ਨਾਨਕੇ ਕਹਿੰਦੇ ਹਨ।

— ਦੋਹਤਾ : ਧੀ ਦੇ ਪੁੱਤਰ ਨੂੰ ਦੋਹਤਾ ਕਹਿੰਦੇ ਹਨ।

— ਬੀੜ : ਜੰਗਲ਼

— ਮੜ੍ਹੀਆਂ : ਦਾਹ-ਸਸਕਾਰ ਕਰਨ ਲਈ ਬਣਾਈ ਥਾਂ।

******

ਪਾਠ-12

ਮਾਤਾ ਗੁਜਰੀ ਜੀ

ਮਾਤਾ ਗੁਜਰੀ ਜੀ ਦਾ ਨਾਂ ਸਾਡੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਆਪ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਕਸਬੇ ਕਰਤਾਰਪੁਰ ਵਿਖੇ 1627 ਈਸਵੀ ਨੂੰ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਲਾਲ ਚੰਦ ਅਤੇ ਮਾਤਾ ਦਾ ਨਾਂ ਬਿਸ਼ਨ ਕੌਰ ਸੀ। ਆਪ 'ਹਿੰਦ ਦੀ ਚਾਦਰ' ਕਹੇ ਜਾਣ ਵਾਲ਼ੇ ਮਹਾਨ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ਦੀ ਸੁਪਤਨੀ ਸਨ। ਆਪ ਸਰਬੰਸ ਵਾਰਨ ਵਾਲ਼ੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਸਨ।

ਆਪ ਦਾ ਸਾਰਾ ਜੀਵਨ ਧਰਮ ਲਈ ਕੀਤੀਆਂ ਕੁਰਬਾਨੀਆਂ ਨਾਲ਼ ਭਰਿਆ ਹੋਇਆ ਹੈ। ਜਦੋਂ ਗੁਰੂ ਤੇਗ਼ ਬਹਾਦਰ ਜੀ ਬਕਾਲੇ ਵਿਖੇ ਤਪ ਕਰਨ ਲੱਗੇ ਤਾਂ ਮਾਤਾ ਗੁਜਰੀ ਜੀ ਉਹਨਾਂ ਦੀ ਸੇਵਾ ਵਿੱਚ ਜੁਟ ਗਏ। ਗੁਰੂ ਤੇਗ ਬਹਾਦਰ ਜੀ ਨੇ ਇੱਥੇ ਵੀਹ ਸਾਲ ਤਪੱਸਿਆ ਕੀਤੀ। ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਸੌਂਪੀ ਗਈ ਤਾਂ ਗੁਰੂ ਜੀ ਮਨੁੱਖਤਾ ਦੇ ਕਲਿਆਣ ਵਾਸਤੇ ਯਾਤਰਾ 'ਤੇ ਨਿਕਲ਼ ਪਏ। ਮਾਤਾ ਗੁਜਰੀ ਜੀ ਵੀ ਆਪਣਾ ਸੁਖ-ਚੈਨ ਤਿਆਗ ਕੇ ਗੁਰੂ ਜੀ ਨਾਲ਼ ਯਾਤਰਾ 'ਤੇ ਚੱਲ ਪਏ। ਗੁਰੂ ਤੇਗ਼ ਬਹਾਦਰ ਜੀ ਬਨਾਰਸ, ਪਟਨੇ ਆਦਿ ਤੋਂ ਹੁੰਦੇ ਹੋਏ ਅਸਾਮ ਪਹੁੰਚ ਗਏ ਪਰ ਮਾਤਾ ਗੁਜਰੀ ਜੀ ਪਟਨਾ ਵਿਖੇ ਹੀ ਰਹਿ ਗਏ। ਪਟਨਾ ਵਿੱਚ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦਾ ਜਨਮ ਹੋਇਆ। ਗੁਰੂ ਤੇਗ ਬਹਾਦਰ ਜੀ ਅਸਾਮ ਤੋਂ ਸਿੱਧੇ ਪੰਜਾਬ ਆ ਗਏ ਪਰ ਮਾਤਾ ਜੀ ਪਟਨੇ ਹੀ ਟਿਕੇ ਰਹੇ। ਆਪ ਨੇ ਇਕੱਲਿਆਂ ਹੀ ਬਾਲ ਗੋਬਿੰਦ ਰਾਏ ਜੀ ਦੀ ਸੱਤ ਸਾਲ ਤੱਕ ਪਾਲਣਾ-ਪੋਸਣਾ ਕੀਤੀ। ਫਿਰ ਮਾਤਾ ਗੁਜਰੀ ਜੀ ਆਪਣੇ ਇਸ ਨਿੱਕੇ ਬਾਲ ਨੂੰ ਲੈ ਕੇ ਅਨੰਦਪੁਰ ਸਾਹਿਬ ਪੁੱਜੇ।

ਇੱਥੇ ਵੀ ਆਪ ਨੂੰ ਬਹੁਤਾ ਸਮਾਂ ਪਰਿਵਾਰਿਕ ਸੁੱਖ ਪ੍ਰਾਪਤ ਨਾ ਹੋਇਆ। ਦੋ ਸਾਲ ਬਾਅਦ ਹੀ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹੀਦੀ ਦੇ ਦਿੱਤੀ। ਗੁਰੂ-ਘਰ ਦੀ ਸੰਭਾਲ਼ ਦੀ ਜ਼ੁੰਮੇਵਾਰੀ ਮਾਤਾ ਜੀ 'ਤੇ ਆ ਪਈ। ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਉਦੋਂ ਕੇਵਲ ਨੌਂ ਸਾਲ ਦੀ ਸੀ।

ਬਿਰਧ ਅਵਸਥਾ ਵਿੱਚ ਵੀ ਮਾਤਾ ਜੀ ਨੂੰ ਬਹੁਤ ਸਾਰੇ ਸਰੀਰਿਕ ਕਸ਼ਟ ਝੱਲਦਿਆਂ ਕੁਰਬਾਨੀ ਦੇਣੀ ਪਈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ਼ ਲੜਦਿਆਂ ਅਨੰਦਪੁਰ ਸਾਹਿਬ ਛੱਡਿਆ ਤਾਂ ਸਰਸਾ ਨਦੀ ਦੇ ਕੰਢੇ ਸਾਰਾ ਪਰਿਵਾਰ ਵਿੱਛੜ ਗਿਆ। ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦਿਆਂ ਨਾਲ਼ ਚਮਕੌਰ ਸਾਹਿਬ ਵਾਲ਼ੇ ਪਾਸੇ ਚਲੇ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ਼ ਗੰਗੂ ਰਸੋਈਏ ਦੇ ਪਿੰਡ ਸਹੇੜੀ ਪਹੁੰਚ ਗਏ।



ਗੰਗੂ ਰਸੋਈਆ ਲਾਲਚ ਵਿੱਚ ਆ ਗਿਆ। ਉਸ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਖ਼ਬਰ ਸੂਬਾ ਸਰਹਿੰਦ ਤੱਕ ਪੁਚਾ ਦਿੱਤੀ। ਸੂਬਾ ਸਰਹਿੰਦ ਨੇ ਉਹਨਾਂ ਨੂੰ ਗਰਿਫ਼ਤਾਰ ਕਰਵਾ ਕੇ ਸਰਹਿੰਦ ਲੈ ਆਂਦਾ। ਇੱਥੇ ਬਿਰਧ ਮਾਤਾ ਜੀ ਅਤੇ ਮਸੂਮ ਸਾਹਿਬਜ਼ਾਦਿਆਂ ਨੂੰ ਆਪਣੇ ਧਰਮ ਤੋਂ ਡੁਲਾਉਣ ਲਈ ਬੜੇ ਤਸੀਹੇ ਅਤੇ ਲਾਲਚ ਦਿੱਤੇ ਗਏ। ਉਹਨਾਂ ਨੂੰ ਅੱਤ ਦੀ ਸਰਦੀ ਦੇ ਮੌਸਮ ਵਿੱਚ ਠੰਢੇ ਬੁਰਜ ਵਿੱਚ ਕੈਦ ਕੀਤਾ ਗਿਆ। ਇੱਥੇ ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਉਹਨਾਂ ਦੇ ਬਜ਼ੁਰਗਾਂ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਉਹਨਾਂ ਦਾ ਹੌਸਲਾ ਕਾਇਮ ਰੱਖਿਆ। ਉਹਨਾਂ ਨੇ ਸਾਹਿਬਜ਼ਾਦਿਆਂ ਨੂੰ ਜ਼ੁਲਮ ਦਾ ਮੁਕਾਬਲਾ ਕਰਨ ਅਤੇ ਧਰਮ 'ਤੇ ਟਿਕੇ ਰਹਿਣ ਦੀ ਸਿੱਖਿਆ ਦਿੱਤੀ। ਜ਼ਾਲਮਾਂ ਨੇ ਸਾਹਿਬਜ਼ਾਦਿਆਂ ਨੂੰ ਜਿਊਂਦਿਆਂ ਹੀ ਨੀਂਹਾਂ ਵਿੱਚ ਚਿਣਵਾ ਦਿੱਤਾ।

ਜਦੋਂ ਮਾਤਾ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਠੰਢੇ ਬੁਰਜ ਵਿੱਚ ਹੀ ਪ੍ਰਾਣ ਤਿਆਗ ਦਿੱਤੇ। ਜਿੱਥੇ ਮਾਤਾ ਜੀ ਅਤੇ ਸਾਹਿਬਜ਼ਾਦੇ ਕੈਦ ਰਹੇ, ਉੱਥੇ ਅੱਜ-ਕੱਲ੍ਹ ਗੁਰਦੁਵਾਰਾ 'ਠੰਢਾ ਬੁਰਜ' ਹੈ। ਜਿੱਥੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਿਆ ਗਿਆ ਸੀ, ਉੱਥੇ ਮੁੱਖ ਗੁਰਦੁਵਾਰਾਂ 'ਫ਼ਤਿਹਗੜ੍ਹ ਸਾਹਿਬ' ਹੈ। ਜਿੱਥੇ ਉਹਨਾਂ ਦਾ ਸਸਕਾਰ ਕੀਤਾ ਗਿਆ, ਉੱਥੇ ਗੁਰਦੁਵਾਰਾਂ 'ਜੋਤੀ ਸਰੂਪ ਸਾਹਿਬ' ਬਣਿਆ ਹੋਇਆ ਹੈ। ਮਾਤਾ ਗੁਜਰੀ ਜੀ ਦੀ ਯਾਦ ਵਿੱਚ ਸਕੂਲ, ਕਾਲਜ ਅਤੇ ਹਸਪਤਾਲ ਆਦਿ ਵੀ ਉਸਾਰੇ ਗਏ ਹਨ।

ਉਹਨਾਂ ਦੇ ਤਿਆਗ, ਸ਼ਾਂਤੀ, ਦ੍ਰਿੜ੍ਹਤਾ ਅਤੇ ਕੁਰਬਾਨੀ ਵਾਲ਼ੇ ਗੁਣਾਂ ਤੋਂ ਅੱਜ ਵੀ ਅਸੀਂ ਸਿੱਖਿਆ ਪ੍ਰਾਪਤ ਕਰਦੇ ਹਾਂ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਮਾਤਾ ਗੁਜਰੀ ਜੀ ਕੌਣ ਸਨ ?

....

....

(ਅ) ਗੁਰੂ ਤੇਗ ਬਹਾਦਰ ਜੀ ਨੇ ਕਿੱਥੇ ਤਪ ਕੀਤਾ ?

....

....

(ੲ) ਮਾਤਾ ਗੁਜਰੀ ਜੀ ਨੇ ਪਟਨਾ ਰਹਿ ਕੇ ਕੀ ਕੀਤਾ ?

....

....

(ਸ) ਸਰਸਾ ਨਦੀ ਦੇ ਕੰਢੇ, ਜਦੋਂ ਸਾਰਾ ਪਰਿਵਾਰ ਵਿੱਛੜ ਗਿਆ ਤਾਂ ਛੋਟੇ ਸਹਿਬਜ਼ਾਦੇ ਕਿੱਥੇ ਗਏ ?

....

....

(ਹ) ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਗਰਿਫ਼ਤਾਰੀ ਕਿਸ ਤਰ੍ਹਾਂ ਹੋਈ ?

....

....

(ਕ) ਸੂਬਾ ਸਰਹਿੰਦ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨਾਲ਼ ਕੀ ਸਲੂਕ ਕੀਤਾ ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਮਾਤਾ ਗੁਜਰੀ ਜੀ ਦਾ ਨਾਂ ਸਾਡੇ ਇਤਿਹਾਸ ਵਿੱਚ .... ਅੱਖਰਾਂ ਵਿੱਚ ਲਿਖਿਆ ਹੋਇਆ ਹੈ।

(ਅ) ਆਪ ਦਾ ਸਾਰਾ ਜੀਵਨ .... ਲਈ ਕੀਤੀਆਂ ਕੁਰਬਾਨੀਆਂ ਨਾਲ਼ ਭਰਿਆ ਹੋਇਆ ਹੈ।

(ੲ) ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ਼ ਲੜਦਿਆਂ ਅਨੰਦਪੁਰ ਸਾਹਿਬ ਛੱਡਿਆ ਤਾਂ .... ਨਦੀ ਦੇ ਕੰਢੇ ਸਾਰਾ ਪਰਿਵਾਰ ਵਿੱਛੜ ਗਿਆ।

(ਸ) ਜ਼ਾਲਮਾਂ ਨੇ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਹੀ .... ਵਿੱਚ ਚਿਣਵਾ ਦਿੱਤਾ।

(ਹ) ਮਾਤਾ ਜੀ ਨੇ .... ਵਿੱਚ ਹੀ ਪ੍ਰਾਣ ਤਿਆਗ ਦਿੱਤੇ।

(ਸਰਸਾ, ਨੀਂਹਾਂ, ਠੰਢੇ ਬੁਰਜ, ਸੁਨਹਿਰੀ, ਧਰਮ)

3. ਪੜ੍ਹੋ ਅਤੇ ਸਮਝੋ :

(ੳ)

ਸਰਬੰਸ	:	ਪਰਿਵਾਰ
ਧਰਮ	:	ਫ਼ਰਜ਼
ਕਲਿਆਣ	:	ਭਲਾ
ਤਿਆਗ	:	ਛੱਡਣਾ
ਗਰਿਫ਼ਤਾਰ	:	ਕੈਦ
ਹੌਸਲਾ	:	ਹਿੰਮਤ, ਦਲੇਰੀ
ਜ਼ੁਲਮ	:	ਸਖ਼ਤੀ
ਦ੍ਰਿੜ੍ਹਤਾ	:	ਪਕਿਆਈ, ਮਜ਼ਬੂਤੀ
ਤਪ	:	ਸਰੀਰ ਨੂੰ ਦੁੱਖ ਦੇ ਕੇ ਕੀਤੀ ਭਗਤੀ

(ਅ)

ਜੋਤੀ-ਜੋਤ ਸਮਾਉਣਾ	:	ਦੇਹ ਤਿਆਗਣਾ
ਪਾਲਣਾ-ਪੋਸਣਾ ਕਰਨਾ	:	ਪਰਵਰਸ਼ ਕਰਨਾ
ਤਸੀਹੇ ਦੇਣਾ	:	ਦੁੱਖ ਦੇਣਾ
ਪ੍ਰਾਣ ਤਿਆਗਣਾ	:	ਮਰਨਾ
ਸ਼ਹੀਦੀ ਦੇਣਾ	:	ਧਰਮ ਦੀ ਖ਼ਾਤਰ ਮਾਰਿਆ ਜਾਣਾ
ਤਪੱਸਿਆ ਕਰਨੀ	:	ਸਰੀਰਿਕ ਸੁੱਖਾਂ ਨੂੰ ਤਿਆਗ ਕੇ ਭਗਤੀ ਕਰਨੀ

4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਧਰਮ : ....

ਸੇਵਾ : ....

ਸ਼ਾਂਤੀ : ....

ਸ਼ਹੀਦੀ : ....

ਤਿਆਗ : ....

5. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :

ਕਰਤਾਰਪੁਰ	ਪਰਿਵਾਰ-ਵਿਛੋੜਾ ਹੋਇਆ।
ਬਕਾਲਾ	ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ।
ਪਟਨਾ	ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਕੈਦ ਰੱਖਿਆ।
ਸਰਸਾ ਨਦੀ	ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦਾ ਜਨਮ ਹੋਇਆ।
ਠੰਢਾ ਬੁਰਜ	ਗੁਰੂ ਤੇਗ਼ ਬਹਾਦਰ ਜੀ ਨੇ ਤਪੱਸਿਆ ਕੀਤੀ।
ਜੋਤੀ ਸਰੂਪ	ਮਾਤਾ ਗੁਜਰੀ ਜੀ ਦਾ ਜਨਮ ਹੋਇਆ।

ਆਪਣੇ ਅਧਿਆਪਕ ਜੀ ਤੋਂ ਗੁਰੂ ਗੋਬਿਦੰ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਰੇ ਜਾਣਕਾਰੀ ਪ੍ਰਾਪਤ ਕਰੋ ਤੇ ਉਹਨਾਂ ਦੇ ਨਾਂ ਲਿਖੋ।

******

ਪਾਠ - 13

ਬੁੱਝ ਤੂੰ ਮੇਰੀ ਬਾਤ

ਦੀਪੀ ਕਹਿੰਦਾ ਸੁਣ ਓਏ ਜੀਤੀ,
ਬੁੱਝ ਤੂੰ ਮੇਰੀ ਬਾਤ।
ਐਸੀ ਇੱਕ ਮਸ਼ੀਨ ਉਹ ਕਿਹੜੀ,
ਜੋ ਬੰਦੇ ਲਈ ਦਾਤ।

ਉਹ ਕੇਵਲ ਨਾ ਗਿਣਨਾ ਜਾਣੇ,
ਅੱਖਰ ਜੋੜ ਵੀ ਸਕਦੀ।
ਜੋੜ, ਘਟਾਅ ਤੇ, ਗੁਣਾ, ਵੰਡ ਤਾਂ,
ਪਲਾਂ-ਛਿਣਾਂ ਵਿੱਚ ਕਰਦੀ।

ਇਸ ਨੇ ਹੋਰ ਮਸ਼ੀਨਾਂ ਤਾਈਂ,
ਪਾ ਦਿੱਤੀ ਏ ਮਾਤ।
ਦੀਪੀ ਕਹਿੰਦਾ ਸੁਣ ਓਏ ਜੀਤੀ,
ਬੁੱਝ ਤੂੰ ਮੇਰੀ ਬਾਤ।

ਬਟਨ ਦਬਾ ਕੇ ਟਾਈਪ ਕਰੋ,
ਤੇ ਫ਼ੀਡ, ਰਿਕਾਰਡ ਵੀ ਕਰ ਲਓ।
ਚਿੱਤਰ ਬਣਾ ਲਓ, ਭਾਵੇਂ ਰੰਗ ਵੀ,
ਮਨਮਰਜ਼ੀ ਦੇ ਭਰ ਲਓ।

ਵਾਇਰਸ ਹੋ ਜਾਏ, ਸਹਿ ਨਹੀਂ ਸਕਦੀ,
ਘੱਟਾ ਤੇ ਬਰਸਾਤ।
ਦੀਪੀ ਕਹਿੰਦਾ ਸੁਣ ਓਏ ਜੀਤੀ,
ਬੁੱਝ ਤੂੰ ਮੇਰੀ ਬਾਤ।

'ਕੀਅ-ਬੋਰਡ' ਦੇ ਵਾਂਗੂੰ ਇਸ ਦਾ,
ਹੈ ਮੁੱਖ ਅੰਗ ਮੋਨੀਟਰ।
ਬੰਦੇ ਦੇ ਕੰਮ ਕਰੇ ਅਨੇਕਾਂ,
ਕੀ ਘਰ ਤੇ ਕੀ ਦਫ਼ਤਰ।

ਕੰਮ ਕਰਦਿਆਂ ਜ਼ਰਾ ਨਾ ਥੱਕੇ,
ਵੇਖੇ ਨਾ ਦਿਨ-ਰਾਤ।
ਦੀਪੀ ਕਹਿੰਦਾ ਸੁਣ ਓਏ ਜੀਤੀ,
ਬੁੱਝ ਤੂੰ ਮੇਰੀ ਬਾਤ।

ਅੱਜ-ਕੱਲ੍ਹ ਤਾਂ ਏ ਸਿੱਖਣਾ ਇਸ ਨੂੰ,
ਹੋਇਆ ਬੜਾ ਜ਼ਰੂਰੀ।
ਨਹੀਂ ਤਾਂ ਅੱਜ-ਕੱਲ੍ਹ ਸਿੱਖਿਆ ਇਸ ਦੇ,
ਬਾਝੋਂ ਰਹੇ ਅਧੂਰੀ।

ਦਿਓ ਕਮਾਂਡ ਤੇ ਸੁਣੋ ਮਿਊਜ਼ਿਕ,
ਅਜਬ ਹੈ ਇਹ ਕਰਾਮਾਤ।
ਦੀਪੀ ਕਹਿੰਦਾ ਸੁਣ ਓਏ ਜੀਤੀ
ਬੁੱਝ ਤੂੰ ਮੇਰੀ ਬਾਤ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਦੀਪੀ ਨੇ ਕਿਹੜੀ ਮਸ਼ੀਨ ਦੀ ਬਾਤ ਪਾਈ?

....

....

(ਅ) ਇਹ ਮਸ਼ੀਨ ਪਲਾਂ-ਛਿਣਾਂ ਵਿੱਚ ਕੀ ਕਰਦੀ ਹੈ?

....

....

(ੲ) ਘੱਟਾ ਤੇ ਬਰਸਾਤ ਹੋਣ ਕਾਰਨ ਮਸ਼ੀਨ ਨੂੰ ਕੀ ਹੁੰਦਾ ਹੈ?

....

....

(ਸ) ਇਸ ਮਸ਼ੀਨ ਦੀ ਵਰਤੋਂ ਕਿੱਥੇ-ਕਿੱਥੇ ਕੀਤੀ ਜਾਂਦੀ ਹੈ?

....

....

(ਹ) ਅੱਜ-ਕੱਲ੍ਹ ਇਸ ਮਸ਼ੀਨ ਨੂੰ ਸਿੱਖਣਾ ਕਿਉਂ ਜ਼ਰੂਰੀ ਹੋ ਗਿਆ ਹੈ?

....

....

2. ਪੜ੍ਹੋ ਅਤੇ ਸਮਝੋ :

ਮਸ਼ੀਨ : ਪੇਚਾਂ ਅਤੇ ਪੁਰਜ਼ਿਆਂ ਦਾ ਬਣਿਆ ਉਹ ਜੰਤਰ ਜਿਸ ਨਾਲ਼ ਕੋਈ ਕੰਮ ਜਲਦੀ ਤੇ ਅਸਾਨੀ ਨਾਲ਼ ਹੋ ਜਾਂਦਾ ਹੈ।

ਦਾਤ : ਦਾਨ ਕੀਤੀ ਹੋਈ ਵਸਤੂ, ਬਖ਼ਸ਼ਸ਼

ਮਾਤ : ਸਭ ਨੂੰ ਪਿੱਛੇ ਛੱਡ ਦੇਣਾ

ਅਧੂਰੀ : ਜੋ ਪੂਰੀ ਨਹੀਂ, ਅਪੂਰਨ

ਅਜਬ : ਹੈਰਾਨ ਕਰਨ ਵਾਲ਼ਾ, ਅਨੋਖਾ

ਕਰਾਮਾਤ : ਅਜੀਬ ਸ਼ਕਤੀ, ਅਣਹੋਣੀ ਬਾਤ

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਮਸ਼ੀਨ : ....

ਚਿੱਤਰ : ....

ਬਰਸਾਤ : ....

ਦਫ਼ਤਰ : ....

ਸਿੱਖਿਆ : ....

4. ਇਸ ਕਵਿਤਾ ਵਿੱਚ ਕੰਪਿਊਟਰ ਨਾਲ਼ ਜੁੜੇ ਅੰਗਰੇਜ਼ੀ ਦੇ ਕੁਝ ਸ਼ਬਦ ਆਏ ਹਨ। ਇਹਨਾਂ ਨੂੰ ਸੋਹਣਾ ਕਰਕੇ ਲਿਖੋ।

ਬਟਨ : BUTTON ....

ਟਾਈਪ : TYPE ....

ਫ਼ੀਡ	:	FEED	....
ਵਾਇਰਸ	:	VIROUS	....
ਕੀਅ-ਬੋਰਡ	:	KEY–BOARD	....
ਮੋਨੀਟਰ	:	MONITOR	....

ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਆਪਣੀ ਹਫ਼ਤਾਵਾਰੀ ਬਾਲ-ਸਭਾ ਵਿੱਚ ਸੁਣਾਓ।

******

ਪਾਠ-14

ਖ਼ਤਮ ਹੋ ਰਹੀ ਖਜੂਰ

ਖਜੂਰ ਦਾ ਦਰਖ਼ਤ 1947 ਤੋਂ ਪਹਿਲਾਂ ਤੋਂ ਹੁਣ ਤੱਕ ਸਾਂਝੇ ਪੰਜਾਬ ਦੀ ਵਡਮੁੱਲੀ ਵਿਰਾਸਤ ਰਿਹਾ ਹੀ। ਖਜੂਰ ਦਾ ਰੁਖ ਤੀਹ ਫੁੱਟ ਤੋਂ ਵੀ ਉੱਚਾ ਹੋ ਜਾਂਦਾ ਹੈ ਤੇ ਇੱਕ-ਡੇਢ ਫੁੱਟ ਮੋਟਾ ਹੁੰਦਾ ਹੈ। ਪੰਜਾਬ ਦੀ ਸੱਭਿਅਤਾ ਅਤੇ ਸੱਭਿਆਚਾਰ ਵਿੱਚ ਖਜੂਰਾਂ ਦੇ ਦਰਖ਼ਤ ਦੇ ਬੀਜ ਪੰਜਾਬ ਵਿੱਚ ਵੱਖ-ਵੱਖ ਨਸਲਾਂ ਦੇ ਵਿਦੇਸ਼ੀ ਹਮਲਾਵਰ ਲੈ ਕੇ ਆਏ। ਮੁਗ਼ਲ ਫ਼ੌਜਾਂ, ਅਫ਼ਗਾਨ ਫ਼ੌਜਾਂ ਤੇ ਹੋਰ ਵਿਦੇਸ਼ੀ ਹਮਲਾਵਰਾਂ ਦੇ ਇਲਾਕੇ ਵਿੱਚ ਖਜੂਰਾਂ ਬਹੁਤ ਹੁੰਦੀਆਂ ਹਨ। ਉਹ ਖਜੂਰ ਦਾ ਫਲ਼ ਖਾਣ ਦੇ ਬਹੁਤ ਸ਼ੁਕੀਨ ਸਨ, ਉਹ ਜਦੋਂ ਵੀ ਕਿਸੇ ਹਮਲੇ 'ਤੇ ਜਾਂਦੇ ਤਾਂ ਖਜੂਰਾਂ ਦਾ ਸੁੱਕਾ ਫਲ਼ ਨਾਲ਼ ਲੈ ਕੇ ਜਾਂਦੇ। ਇਸ ਤਰ੍ਹਾਂ ਵਿਦੇਸ਼ੀ ਫ਼ੌਜਾਂ ਪੰਜਾਬ ਵਿੱਚ ਜਿੱਥੇ ਵੀ ਡੇਰਾ ਲਾਉਂਦੀਆਂ ਤਾਂ ਉਹ ਫ਼ਲ ਖਾ ਕੇ ਉੱਥੇ ਹੀ ਸੁੱਟ ਦਿੰਦੇ ਸਨ। ਇਸ ਤਰ੍ਹਾਂ ਪੂਰਬ ਵੱਲ ਵੀ ਖਜੂਰਾਂ ਦੇ ਦਰਖ਼ਤ ਉੱਗ ਪਏ। ਇੱਧਰ ਦੀ ਆਬੋ-ਹਵਾ ਬਦਲ ਜਾਣ ਕਾਰਨ ਫਲ਼ ਛੋਟਾ ਜਿਹਾ ਹੀ ਲੱਗਦਾ ਹੈ ਪਰ ਪੱਕਣ 'ਤੇ ਬਹੁਤ ਹੀ ਸੁਆਦਲਾ ਹੁੰਦਾ ਹੈ। ਇਸ ਤਰ੍ਹਾਂ ਪੰਜਾਬ ਵਿੱਚ ਇਹ ਦਰਖ਼ਤ ਵਿਦੇਸ਼ੀ ਫ਼ੌਜਾਂ ਦੁਆਰਾ ਸੁੱਟੇ ਬੀਜਾਂ ਤੋਂ ਪੈਦਾ ਹੋਏ ਹਨ। ਖਜੂਰਾਂ ਦੇ ਵੱਡੇ ਝੁੰਡ ਕੋਲ਼ ਖੁਦਾਈ ਕਰਨ 'ਤੇ ਕਈ ਵਾਰ ਪੁਰਾਤਨ ਸਿੱਕੇ ਅੱਜ ਵੀ ਮਿਲ਼ਦੇ ਹਨ। ਵਿਦੇਸ਼ੀ ਫ਼ੌਜਾਂ ਦੁਆਰਾ ਲਿਆਂਦੇ ਇਸ ਦਰਖ਼ਤ ਨੇ ਪੰਜਾਬ ਦੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਇਸ ਤਰ੍ਹਾਂ ਅਪਣਾਇਆ ਕਿ ਇਹ ਸਾਡੀ ਵਿਰਾਸਤ ਦਾ ਹਿੱਸਾ ਬਣ ਗਿਆ।

1947 ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਪਿੰਡਾਂ ਵਿੱਚ ਬਹੁਤ ਸਾਰੇ ਘਰਾਂ ਦੀਆਂ ਛੱਤਾਂ ’ਤੇ ਖਜੂਰਾਂ ਦੀਆਂ ਸ਼ਤੀਰੀਆਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਪਸੂਆਂ ਦੀ ਖੁਰਲੀ ਵੀ ਖਜੂਰ ਦੀ ਲੱਕੜ ਤੋਂ ਤਿਆਰ ਕੀਤੀ ਜਾਂਦੀ ਸੀ। ਖਜੂਰ ਨੂੰ ਚੀਰ ਕੇ ਝੌਂਪੜੀਆਂ ਵੀ ਬਣਾਈਆਂ ਜਾਂਦੀਆਂ ਸਨ। ਖਜੂਰ ਵਿੱਚੋਂ ਭਾਵੇਂ ਖੋਖਲੀ ਹੋ ਜਾਂਦੀ ਸੀ, ਪਰ ਲਚਕਦਾਰ ਹੋਣ ਕਾਰਨ ਲੰਮੇ ਸਮੇਂ ਤੱਕ ਕੰਮ ਕਰਦੀ ਸੀ। ਛੱਤ ਡਿੱਗਣ ’ਤੇ ਜਾਨੀ-ਮਾਲੀ ਨੁਕਸਾਨ ਵੀ ਘੱਟ ਹੀ ਹੁੰਦਾ ਸੀ। ਵੱਡੇ ਜ਼ਿਮੀਦਾਰ ਕਿਸਾਨ ਵੀ ਖਜੂਰ ਦੀ ਲੱਕੜ ਦੀ ਵਰਤੋਂ ਛੱਤ ਲਈ ਕਰਦੇ ਸਨ। ਜਦ ਵੀ ਕਦੇ ਪੰਜਾਬ ਦੀ ਕਿਸੇ ਮੁਟਿਆਰ ਦਾ ਵਿਆਹ ਹੁੰਦਾ ਤਾਂ ਖਜੂਰ ਦਾ ਬਣਿਆ ਸਮਾਨ ਤੋਹਫ਼ੇ ਵੱਜੋਂ ਦਿੱਤਾ ਜਾਂਦਾ ਸੀ। ਮੁਟਿਆਰਾਂ ਖਜੂਰ ਤੋਂ ਬਣੀਆਂ ਛਾਬੜੀ, ਚੰਗੇਰ, ਛਿੱਕੂ, ਟੋਕਰੀ, ਭਾਜੀ-ਟੋਕਰੀ ਆਦਿ ਚੀਜ਼ਾਂ ਦਾਜ ਵਿੱਚ ਲੈ ਕੇ ਜਾਂਦੀਆਂ ਸਨ। ਮੁਟਿਆਰਾਂ ਇਕੱਠੀਆਂ ਬੈਠ ਕੇ ਖਜੂਰ ਦੇ ਕੋਮਲ ਪੱਤੇ ਜਿਨ੍ਹਾਂ ਨੂੰ ਗੱਭੀਆਂ ਕਿਹਾ ਜਾਂਦਾ ਸੀ, ਨੂੰ ਕਈ ਰੰਗਾਂ ਨਾਲ ਰੰਗਦੀਆਂ ਅਤੇ ਰੰਗਦਾਰ ਸਮਾਨ ਦਾਜ ਲਈ ਤਿਆਰ ਕਰਦੀਆਂ। ਇਹ ਸਮਾਨ ਮੇਲਿਆਂ ਵਿੱਚ ਵੀ ਵੇਚਿਆ ਜਾਂਦਾ ਸੀ। ਜਿਹੜੀ ਮੁਟਿਆਰ ਖਜੂਰ ਦੇ ਪੱਤਿਆਂ ਤੋਂ ਇਹ ਸਮਾਨ ਤਿਆਰ ਕਰਨਾ ਨਹੀਂ ਜਾਣਦੀ ਸੀ ਉਸ ਨੂੰ ਸੁਚੱਜੀ ਨਹੀਂ ਸਮਝਿਆ ਜਾਂਦਾ ਸੀ। ਹਰ ਘਰ ਵਿੱਚ ਪੱਤਿਆਂ ਦੀ ਬਣੀ ਚਟਾਈ ਜ਼ਰੂਰ ਹੁੰਦੀ ਸੀ। ਖਜੂਰ ਦੇ ਪੱਤਿਆਂ ਤੋਂ ਸੁੰਦਰ ਝਾੜੂ ਬਣਾਏ ਜਾਂਦੇ ਸਨ। ਇਹ ਝਾੜੂ ਅੱਜ ਵੀ ਬਜ਼ਾਰ ਵਿੱਚ ਵਿਕਦੇ ਹਨ। ਇਸ ਕੰਮ ਲਈ ਖਜੂਰ ਦੀ ਪੂਰੀ ਟਾਹਣੀ ਵਰਤੀ ਜਾਂਦੀ ਸੀ। ਚਰਖੇ ਦੇ ਨਾਲ਼ ਵੀ ਖਜੂਰ ਦੇ ਪੱਤਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਹਰ ਘਰ ਵਿੱਚ ਖਜੂਰ ਦੀਆਂ ਪੱਖੀਆਂ ਹੁੰਦੀਆਂ ਸਨ ਜੋ ਅੱਜ ਦੇ ਬਿਜਲੀ ਦੇ ਪੱਖੇ ਜਾਂ ਕੂਲਰ ਦੀ ਥਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਹਵਾ ਲੈਣ ਲਈ ਵਰਤੀਆਂ ਜਾਂਦੀਆਂ ਸਨ, ਮੁਟਿਆਰ ਖਜੂਰ ਦੀਆਂ ਬਣੀਆਂ ਪੱਖੀਆਂ ਲੈ ਕੇ ਸਹੁਰੇ ਜਾਂਦੀ ਸੀ।

ਖੇਤੀ ਦੇ ਆਧੁਨਿਕੀਕਰਨ ਅਤੇ ਨਵੇਂ ਯੁੱਗ ਦੀ ਸ਼ੁਰੂਆਤ ਨਾਲ਼ ਕਿਸਾਨਾਂ ਨੇ ਵੱਡੇ ਪੱਧਰ ’ਤੇ ਖਜੂਰਾਂ ਦੀ ਕਟਾਈ ਕਰ ਦਿੱਤੀ ਹੈ ਤੇ ਅੱਗੇ ਤੋਂ ਇਸ ਦੇ ਬੂਟੇ ਖੇਤਾਂ ਵਿੱਚ ਲਾਉਣੇ ਅਤੇ ਪੈਦਾ ਕਰਨੇ ਬੰਦ ਕਰ ਦਿੱਤੇ ਹਨ। ਇਸ ਤਰ੍ਹਾਂ ਨਵੀਂ ਪੈਦਾਵਾਰ ਬੰਦ ਹੈ ਤੇ ਹੌਲ਼ੀ-ਹੌਲ਼ੀ ਇਹ ਦਰਖ਼ਤ ਲੋਪ ਹੋਣ ਦੀ ਕੰਗਾਰ ’ਤੇ ਹੈ। ਪਲਾਸਟਿਕ ਦੇ ਬਣੇ ਸਮਾਨ ਨੇ ਖਜੂਰ ਤੋਂ ਬਣੇ ਸਮਾਨ ਦੀ ਥਾਂ ਲੈ ਲਈ ਹੈ। ਹੁਣ ਸਤੰਬਰ ਮਹੀਨੇ ਤੱਕ ਪੱਕ ਕੇ ਤਿਆਰ ਹੋ ਜਾਣ ਵਾਲ਼ਾ ਖਜੂਰ ਦਾ ਮਿੱਠਾ ਵਿਟਾਮਿਨ ਯੁਕਤ ਫਲ਼ ਵੀ ਖਾਣ ਨੂੰ ਨਹੀਂ ਮਿਲ਼ਦਾ। ਇਸ ਫ਼ਲ ਨੂੰ ਪੰਛੀ ਵੀ ਗੀਤ ਗਾ-ਗਾ ਬੜੇ ਹੀ ਚਾਅ ਨਾਲ਼ ਖਾਂਦੇ ਸਨ। ਖਜੂਰ ਦੇ ਸਿਖਰ ’ਤੇ ਪੱਤਿਆਂ ਵਿੱਚ ਕਈ ਪ੍ਰਕਾਰ ਦੇ ਪੰਛੀ ਆਪਣੇ ਆਲ੍ਹਣੇ ਵੀ ਬੜੇ ਚਾਅ ਨਾਲ਼ ਬਣਾਉਂਦੇ ਸਨ। ਮਨੁੱਖ ਦੇ ਸ੍ਵਾਰਥ ਅਤੇ ਖੇਤੀ ਦੇ ਮਸ਼ੀਨੀਕਰਨ ਨੇ ਪੰਜਾਬ ਦੀ ਵਿਰਾਸਤ ਖਜੂਰ ਨੂੰ ਨਸ਼ਟ ਕਰ ਦਿੱਤਾ ਹੈ ਤੇ ਕੁਝ ਸਮੇਂ ਬਾਅਦ ਪੰਜਾਬ ਦੀ ਧਰਤੀ ਤੋਂ ਇਹ ਵਿਰਾਸਤੀ ਉਪਯੋਗੀ ਦਰਖ਼ਤ ਸਦਾ ਲਈ ਖ਼ਤਮ ਹੋ ਜਾਵੇਗਾ। ਆਉਣ ਵਾਲ਼ੀ ਨਸਲ ਲਈ ਖਜੂਰ ਪਹੇਲੀ ਬਣ ਕੇ ਰਹਿ ਜਾਵੇਗੀ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਖਜੂਰ ਦਾ ਰੁੱਖ ਕਿਹੋ-ਜਿਹਾ ਹੁੰਦਾ ਹੈ ?

....

....

(ਅ) ਖਜੂਰ ਦਾ ਰੁੱਖ ਪੰਜਾਬ ਵਿੱਚ ਕਿਵੇਂ ਆਇਆ ?

....

....

(ੲ) ਘਰਾਂ ਵਿੱਚ ਖਜੂਰ ਦੀ ਲੱਕੜ ਤੋਂ ਕੀ-ਕੀ ਬਣਾਇਆ ਜਾਂਦਾ ਸੀ ?

....

....

(ਸ) ਵਿਆਹਾਂ ਦੇ ਸਮੇਂ ਕੁੜੀਆਂ ਖਜੂਰ ਦੇ ਰੁੱਖ ਤੋਂ ਕਿਹੜੀਆਂ ਵਸਤਾਂ ਤਿਆਰ ਕਰਦੀਆਂ ਸਨ ?

....

....

(ਹ) ਖਜੂਰ ਦੇ ਰੁੱਖ ਹੁਣ ਕਿਉਂ ਘਟਦੇ ਜਾ ਰਹੇ ਹਨ ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਖਜੂਰ ਦਾ ਰੁੱਖ .... ਤੋਂ ਵੀ ਉੱਚਾ ਹੋ ਜਾਂਦਾ ਹੈ।

(ਅ) ਉਹ ਖਜੂਰ ਦਾ .... ਖਾਣ ਦੇ ਬਹੁਤ ਸ਼ੁਕੀਨ ਸਨ।

(ੲ) ਹਰ ਘਰ ਵਿੱਚ ਖਜੂਰ ਦੇ ਪੱਤਿਆਂ ਦੀ ਬਣੀ .... ਜ਼ਰੂਰ ਹੁੰਦੀ ਸੀ।

(ਸ) .... ਦੇ ਬਣੇ ਸਮਾਨ ਨੇ ਖਜੂਰ ਤੋਂ ਬਣੇ ਸਮਾਨ ਦੀ ਥਾਂ ਲੈ ਲਈ ਹੈ।

(ਹ) ਆਉਣ ਵਾਲ਼ੀ ਨਸਲ ਲਈ ਖਜੂਰ ਦਾ ਰੁੱਖ .... ਬਣ ਕੇ ਰਹਿ ਜਾਵੇਗਾ।

(ਚਟਾਈ, ਪਲਾਸਟਿਕ, ਫਲ਼, ਪਹੇਲੀ, ਤੀਹ ਫੁੱਟ)

3. ਪੜ੍ਹੋ ਅਤੇ ਸਮਝੋ :

(ੳ)	ਵਿਰਾਸਤ	ਪਿਛਲੀਆਂ ਪੀੜ੍ਹੀਆਂ ਤੋਂ ਪ੍ਰਾਪਤ ਹੋਈ ਚੀਜ਼
(ਅ)	ਯੋਗਦਾਨ	ਦੇਣ, ਸਹਿਯੋਗ
(ੲ)	ਆਬੋ-ਹਵਾ	ਜਲ-ਵਾਯੂ, ਪੌਣ-ਪਾਣੀ
(ਸ)	ਪੁਰਾਤਨ	ਪੁਰਾਣਾ, ਬੀਤੇ ਸਮੇਂ ਦਾ
(ਹ)	ਇਸਤੇਮਾਲ	ਵਰਤੋਂ, ਉਪਯੋਗ
(ਕ)	ਆਧੁਨਿਕੀਕਰਨ	ਅੱਜ ਦੇ ਸਮੇਂ ਅਨੁਸਾਰ ਹੋਣ ਦੀ ਪ੍ਰਕਿਰਿਆ
(ਖ)	ਕੰਗਾਰ	ਕਿਨਾਰਾ, ਕੰਢਾ
(ਕ)	ਵਿਟਾਮਿਨ-ਯੁਕਤ	ਵਿਟਾਮਿਨਾਂ ਨਾਲ਼ ਭਰਪੂਰ

4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਵਡਮੁੱਲੀ ....

(ਅ) ਹਮਲਾਵਰ ....

(ੲ) ਸ਼ੁਕੀਨ ....

(ਸ) ਪੁਰਾਤਨ ....

(ਹ) ਨਸ਼ਟ ....

ਆਪਣੇ ਅਧਿਆਪਕ ਕੋਲ਼ੋਂ ਖਜੂਰ ਨਾਲ਼
ਮਿਲ਼ਦੇ-ਜੁਲ਼ਦੇ ਦਰਖਤਾਂ ਦੀ ਜਾਣਕਾਰੀ ਪ੍ਰਾਪਤ ਕਰੋ।

******

ਪਾਠ-15

ਮੱਘੂ ਮਗਰਮੱਛ ਤੇ ਪੰਛੀ

ਸੈਂਕੜੇ ਵਰ੍ਹੇ ਪਹਿਲਾਂ ਦੀ ਗੱਲ ਹੈ। ਉਦੋਂ ਮਗਰਮੱਛ ਆਪਣੇ ਦੰਦ ਸਾਫ਼ ਨਹੀਂ ਸਨ ਕਰਦੇ। ਉਹ ਸਾਰਾ ਦਿਨ ਗੰਦੇ ਬਣੇ ਰਹਿੰਦੇ ਸਨ। ਮੱਘੂ ਮਗਰਮੱਛ ਵੀ ਬਾਕੀ ਮਗਰ-ਮੱਛਾਂ ਵਰਗਾ ਹੀ ਸੀ। ਇੱਕ ਦਿਨ ਉਹ ਨਦੀ ਤੋਂ ਬਾਹਰ ਧੁੱਪੇ ਲੰਮਾ ਪਿਆ ਸੀ। ਇੱਕ ਚਿੜੀ ਰੁੱਖ ਉੱਤੇ ਬੈਠੀ ਟਾਹਣੀ ਨਾਲ਼ ਚੁੰਝ ਰਗੜ ਰਹੀ ਸੀ, ਕਦੀ ਇੱਕ ਪਾਸਿਓਂ ਤੇ ਕਦੀ ਦੂਜੇ ਪਾਸਿਓਂ।

"ਚਿੜੀਏ! ਚਿੜੀਏ! ਤੂੰ ਇਹ ਕੀ ਕਰ ਰਹੀ ਏਂ?" ਮੱਘੂ ਮਗਰਮੱਛ ਨੇ ਪੁੱਛਿਆ।

"ਭੋਜਨ ਖਾਣ ਪਿੱਛੋਂ ਮੈਂ ਚੁੰਝ ਸਾਫ਼ ਕਰ ਰਹੀ ਹਾਂ," ਚਿੜੀ ਨੇ ਦੱਸਿਆ।

"ਕਾਹਦੇ ਲਈ?"

"ਵੇਖ ਮੱਘੂ! ਸਾਨੂੰ ਹਮੇਸ਼ਾਂ ਸਾਫ਼-ਸੁਥਰੇ ਬਣ ਕੇ ਰਹਿਣਾ ਚਾਹੀਦੈ। ਤੂੰ ਵੀ ਭੋਜਨ ਖਾਣ ਤੋਂ ਪਿੱਛੋਂ ਮੂੰਹ ਸਾਫ਼ ਕਰਿਆ ਕਰ।"

"ਮੂੰਹ ਸਾਫ਼ ਕਰਨ ਨਾਲ਼ ਕੀ ਹੋਊ?"

"ਤੂੰ ਸੋਹਣਾ ਲੱਗੇਂਗਾ।"

"ਹੋਰ?"

"ਤੇਰੇ ਕੋਲ਼ੋਂ ਬਦਬੋ ਵੀ ਨਹੀਂ ਆਊ।"

"ਹੋਰ?"

"ਤੇਰੀ ਸਿਹਤ ਚੰਗੀ ਰਹੂ! ਤੂੰ ਬਿਮਾਰ ਵੀ ਨਹੀਂ ਹੋਵੇਂਗਾ।"

ਮੱਘੂ ਮਗਰਮੱਛ ਨੂੰ ਚਿੜੀ ਦੀਆਂ ਗੱਲਾਂ ਚੰਗੀਆਂ ਲੱਗੀਆਂ। ਉਸ ਨੇ ਵੀ ਚਿੜੀ ਵਾਂਗ ਹੇਠਾਂ ਬੂਥੀ ਰਗੜੀ। ਉੱਥੇ ਚਿੱਕੜ ਸੀ। ਮੱਘੂ ਦਾ ਮੂੰਹ ਚਿੱਕੜ ਨਾਲ਼ ਲਿੱਬੜ ਗਿਆ।

ਚਿੜੀ ਹੱਸਣ ਲੱਗ ਪਈ,"ਭੋਲਿਆ, ਇਸ ਤਰ੍ਹਾਂ ਤਾਂ ਚੁੰਝ ਸਾਫ਼ ਕਰੀਦੀ ਐ।"

ਮੱਘੂ ਮਗਰ-ਮੱਛ ਝੱਟ ਨਦੀ ਵਿੱਚ ਵੜ ਗਿਆ।

ਨਦੀ ਦੇ ਪਾਣੀ ਨੇ ਉਹਦੇ ਮੂੰਹ ਦਾ ਚਿੱਕੜ ਧੋ ਦਿੱਤਾ।

ਮੱਘੂ ਮਗਰਮੱਛ ਜੋ ਵੀ ਖਾਂਦਾ, ਉਸ ਦੇ ਦੰਦਾਂ ਦੀਆਂ ਵਿਰਲਾਂ ਵਿੱਚ ਉਸ ਦੇ ਟੁਕੜੇ ਫਸ ਜਾਂਦੇ ਸਨ। ਉਸ ਨੇ ਦੰਦ ਸਾਫ਼ ਕਰਨ ਲਈ ਆਪਣੇ ਅਗਲੇ ਪੈਰਾਂ ਨੂੰ ਹੱਥਾਂ ਵਾਂਗ ਵਰਤਣ ਦੀ ਕੋਸ਼ਸ਼ ਕੀਤੀ। ਉਸ ਦੇ ਪੈਰ ਨਿੱਕੇ ਸਨ, ਮੂੰਹ ਤੱਕ ਨਹੀਂ ਸਨ ਪਹੁੰਚ ਰਹੇ।

ਉਹਨੇ ਚਿੜੀ ਨੂੰ ਪੁੱਛਿਆ,"ਚਿੜੀਏ! ਚਿੜੀਏ! ਤੂੰ ਕਰ ਦੇਵੇਂਗੀ ਮੇਰੇ ਦੰਦ ਸਾਫ਼?"

"ਤੇਰਾ ਤਾਂ ਮੂੰਹ ਵੱਡਾ ਸਾਰਾ ਏ ਤੇ ਦੰਦ ਕਿੰਨੇ ਸਾਰੇ। ਏਨਾ ਕੰਮ ਮੈਂ ਇਕੱਲੀ ਕਿਸ ਤਰ੍ਹਾਂ ਕਰੂੰ? ਤੂੰ ਇਹਨਾਂ ਰੁੱਖਾਂ ਉੱਤੇ ਬੈਠੇ ਪੰਛੀਆਂ ਨੂੰ ਕਹਿ ਕਿ ਉਹ ਮੇਰੀ ਸਹਾਇਤਾ ਕਰਨ।"

ਮੱਘੂ ਮਗਰਮੱਛ ਨੇ ਪੰਛੀਆਂ ਨੂੰ ਪੁੱਛਿਆ,"ਸੋਹਣੇ ਪੰਛੀਓ! ਕਰ ਦਿਓਗੇ ਮੇਰੇ ਦੰਦ ਸਾਫ਼?" ਇੱਕ ਗੁਟਾਰ ਉੱਡ ਕੇ ਹੇਠਲੀ ਟਾਹਣੀ ਉੱਤੇ ਆ ਗਈ। ਉਹ ਬੋਲੀ,"ਇਹ ਕੰਮ ਨਹੀਂ ਸਾਨੂੰ ਪੁੱਗਣਾ। ਉਹੋ ਵੇਲ਼ਾ ਚੋਗਾ ਚੁਗਣ ਦਾ ਤੇ ਉਹੋ ਵੇਲ਼ਾ ਤੇਰੇ ਦੰਦ ਸਾਫ਼ ਕਰਨ ਦਾ।"

ਗੁਟਾਰ ਸੱਚ ਹੀ ਕਹਿ ਰਹੀ ਸੀ। ਪੰਛੀਆਂ ਕੋਲ਼ ਵਿਹਲ ਨਹੀਂ ਸੀ। ਪੰਛੀਆਂ ਨੂੰ ਭੋਜਨ ਦੀ ਭਾਲ਼ ਵਿੱਚ ਦੂਰ-ਦੂਰ ਤੱਕ ਉਡਾਰੀਆਂ ਭਰਨੀਆਂ ਪੈਂਦੀਆਂ ਸਨ।

"ਜੇ ਦੋਵੇਂ ਕੰਮ ਇੱਕੋ ਵੇਲ਼ੇ ਹੋ ਜਾਣ ਤਾਂ....?" ਮੱਘੂ ਨੇ ਆਖਿਆ।

"ਉਹ ਕਿਸ ਤਰ੍ਹਾਂ?"

ਮੱਘੂ ਮਗਰਮੱਛ ਨੇ ਪੰਛੀਆਂ ਨੂੰ ਸਮਝਾਇਆ,"ਜਦੋਂ ਮੇਰੇ ਦੰਦ ਸਾਫ਼ ਕਰੋਗੇ ਤਾਂ ਦੰਦਾਂ ਵਿੱਚ ਫਸਿਆ ਹੋਇਆ ਭੋਜਨ ਵੀ ਤੁਹਾਨੂੰ ਲੱਭੂ। ਉਹ ਸਾਰਾ ਭੋਜਨ ਤੁਹਾਡਾ।"

ਇਹ ਦੋਹਾਂ ਧਿਰਾਂ ਦੇ ਫ਼ਾਇਦੇ ਦੀ ਗੱਲ ਸੀ। ਪੰਛੀਆਂ ਨੂੰ ਮੱਘੂ ਮਗਰਮੱਛ ਦੇ ਮੂੰਹ ਵਿੱਚ ਵੜ ਕੇ ਉਹਦੇ ਦੰਦ ਸਾਫ਼ ਕਰਨੇ ਪੈਣੇ ਸਨ। ਇਸ ਵਿੱਚ ਜਾਨ ਦਾ ਖ਼ਤਰਾ ਸੀ। ਜੇ ਉਦੋਂ ਮੱਘੂ ਨੇ ਆਪਣਾ ਮੂੰਹ ਬੰਦ ਕਰ ਲਿਆ ਤਾਂ....?" ਕਾਂ ਇਹ ਸੋਚ ਕੇ ਡਰ ਗਿਆ।

ਮੱਘੂ ਨੇ ਕਾਂ ਦੇ ਮਨ ਦੀ ਗੱਲ ਬੁੱਝ ਲਈ। ਉਸ ਨੇ ਆਪਣੇ ਵੱਲੋਂ ਪੰਛੀਆਂ ਨੂੰ ਭਰੋਸਾ ਦਿੱਤਾ,"ਸੋਹਣੇ ਪੰਛੀਓ! ਮੇਰਾ ਪੱਕਾ ਵਾਅਦਾ ਰਿਹਾ, ਦੰਦਾਂ ਦੀ ਸਫ਼ਾਈ ਵੇਲ਼ੇ ਮੂੰਹ ਖੁੱਲ੍ਹਾ ਹੀ ਰੱਖਿਆ ਕਰੂੰ।"

ਨਿੱਕੀ ਚਿੜੀ ਮੱਘੂ ਮਗਰਮੱਛ ਦੀ ਪਿੱਠ ਉੱਤੇ ਬੈਠ ਕੇ ਕਈ ਵਾਰ ਨਦੀ ਵਿੱਚ ਦੂਰ-ਦੂਰ ਤੱਕ ਸੈਰ ਕਰ ਆਉਂਦੀ ਸੀ। ਉਹਨੂੰ ਮੱਘੂ ਦੀ ਗੱਲ ਦਾ ਯਕੀਨ ਸੀ। ਉਹ ਮੱਘੂ ਦੇ ਦੰਦ ਸਾਫ਼ ਕਰਨ ਲਈ ਤਿਆਰ ਹੋ ਗਈ।

ਮੱਘੂ ਮਗਰਮੱਛ ਨੇ ਪੂਰਾ ਮੂੰਹ ਖੋਲ੍ਹ ਲਿਆ। ਚਿੜੀ ਉਹਦੇ ਮੂੰਹ ਵਿੱਚ ਵੜ ਕੇ ਚੁੰਝਾਂ ਮਾਰਨ ਲੱਗ ਪਈ। ਚਿੜੀ ਨੂੰ ਵੇਖ ਕੇ ਦੋ ਹੋਰ ਪੰਛੀ ਵੀ ਉੱਡ ਕੇ ਮੱਘੂ ਮਗਰ-ਮੱਛ ਦੇ ਮੂੰਹ ਵਿੱਚ ਵੜ ਗਏ।

ਬਾਕੀ ਪੰਛੀ ਕੁਝ ਡਰੇ-ਡਰੇ ਜਿਹੇ ਮੱਘੂ ਮਗਰਮੱਛ ਦੇ ਦੰਦ ਸਾਫ਼ ਹੁੰਦੇ ਵੇਖਣ ਲੱਗ ਪਏ। ਪੰਛੀਆਂ ਨੇ ਭਰ-ਪੇਟ ਭੋਜਨ ਵੀ ਖਾਧਾ ਅਤੇ ਮੱਘੂ ਮਗਰਮੱਛ ਦੇ ਦੰਦ ਵੀ ਸਾਫ਼ ਹੋ ਗਏ। ..... ਤੇ ਫਿਰ ਇਹ ਪੰਛੀਆਂ ਦਾ ਨਿੱਤ ਦਾ ਕੰਮ ਹੋ ਗਿਆ। ਹੌਲ਼ੀ-ਹੌਲ਼ੀ ਸਾਰੇ ਮਗਰਮੱਛਾਂ ਦੇ ਦੰਦ ਸਾਫ਼ ਕਰਨ ਦੀ ਜ਼ੁੰਮੇਵਾਰੀ ਪੰਛੀਆਂ ਨੇ ਆਪਣੇ ਸਿਰ ਲੈ ਲਈ।

ਪਾਠ-ਅਭਿਆਸ

1. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਚਿੜੀ ਨੇ ਮੱਘੂ ਨੂੰ ਕੀ ਕਿਹਾ?

....

....

(ਅ) ਚਿੜੀ ਨੇ ਮੱਘੂ ਮਗਰਮੱਛ ਨੂੰ ਮੂੰਹ ਸਾਫ਼ ਕਰਨ ਦੇ ਕੀ-ਕੀ ਲਾਭ ਦੱਸੇ?

....

....

(ੲ) ਗੁਟਾਰ ਨੇ ਮੱਘੂ ਮਗਰਮੱਛ ਨੂੰ ਕੀ ਕਿਹਾ?

....

....

(ਸ) ਮੱਘੂ ਮਗਰਮੱਛ ਨੇ ਪੰਛੀਆਂ ਨੂੰ ਕੀ ਸਮਝਾਇਆ?

....

....

(ਹ) ਮੱਘੂ ਮਗਰਮੱਛ ਨੇ ਪੰਛੀਆਂ ਨਾਲ਼ ਕੀ ਵਾਅਦਾ ਕੀਤਾ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਨਦੀ ਦੇ ਪਾਣੀ ਨੇ ਉਹਦੇ ਮੂੰਹ ਦਾ .... ਧੋ ਦਿੱਤਾ।

(ਅ) ਪੰਛੀਆਂ ਨੂੰ .... ਦੀ ਭਾਲ਼ ਵਿੱਚ ਦੂਰ-ਦੂਰ ਤੱਕ ਉਡਾਰੀਆਂ ਭਰਨੀਆਂ ਪੈਂਦੀਆਂ ਸਨ।

(ੲ) ਨਿੱਕੀ ਚਿੜੀ ਮੱਘੂ ਮਗਰਮੱਛ ਦੀ .... ਉੱਤੇ ਬੈਠ ਕੇ ਕਈ ਵਾਰ ਨਦੀ ਵਿੱਚ ਦੂਰ-ਦੂਰ ਤੱਕ ਸੈਰ ਕਰ ਆਉਂਦੀ ਸੀ।

(ਸ) ਚਿੜੀ ਉਹਦੇ ਮੂੰਹ ਵਿੱਚ ਵੜ ਕੇ .... ਮਾਰਨ ਲੱਗ ਪਈ।

(ਹ) ਪੰਛੀਆਂ ਨੇ ਭਰ-ਪੇਟ ਭੋਜਨ ਵੀ ਖਾਧਾ ਅਤੇ ਮੱਘੂ ਮਗਰਮੱਛ ਦੇ .... ਵੀ ਸਾਫ਼ ਹੋ ਗਏ।

(ਪਿੱਠ, ਚੁੰਝਾਂ, ਦੰਦ, ਭੋਜਨ, ਚਿੱਕੜ)

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਕੋਸ਼ਸ਼ : ....

ਸਹਾਇਤਾ : ....

ਸਾਫ਼-ਸੁਥਰੇ : ....

ਜ਼ੁੰਮੇਵਾਰੀ : ....

ਭਰੋਸਾ : ....

4. **ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ ?**

(ੳ) "ਸਾਨੂੰ ਹਮੇਸ਼ਾਂ ਸਾਫ਼-ਸੁਥਰੇ ਬਣ ਕੇ ਰਹਿਣਾ ਚਾਹੀਦੈ। ਤੂੰ ਵੀ ਭੋਜਨ ਖਾਣ ਤੋਂ ਪਿੱਛੋਂ ਮੂੰਹ ਸਾਫ਼ ਕਰਿਆ ਕਰ।"

(ਅ) "ਤੇਰਾ ਤਾਂ ਮੂੰਹ ਵੱਡਾ ਸਾਰਾ ਏ ਤੇ ਦੰਦ ਕਿੰਨੇ ਸਾਰੇ। ਏਨਾ ਕੰਮ ਮੈਂ ਇਕੱਲੀ ਕਿਸ ਤਰ੍ਹਾਂ ਕਰੂੰ ?"

(ੲ) "ਇਹ ਕੰਮ ਨਹੀਂ ਸਾਨੂੰ ਪੁੱਗਣਾ। ਉਹੋ ਵੇਲ਼ਾ ਚੋਗਾ ਚੁਗਣ ਦਾ ਤੇ ਉਹੋ ਵੇਲ਼ਾ ਤੇਰੇ ਦੰਦ ਸਾਫ਼ ਕਰਨ ਦਾ।"

(ਸ) "ਮੇਰਾ ਪੱਕਾ ਵਾਇਦਾ ਰਿਹਾ, ਦੰਦਾਂ ਦੀ ਸਫ਼ਾਈ ਵੇਲ਼ੇ ਮੂੰਹ ਖੁੱਲ੍ਹਾ ਹੀ ਰੱਖਿਆ ਕਰੂੰ।"

ਆਪਣੇ ਆਲ਼ੇ-ਦੁਆਲ਼ੇ ਅਤੇ
ਆਪਣੇ ਆਪ ਨੂੰ ਸਾਫ਼-ਸੁਥਰਾ ਰੱਖੋ।

******

ਪਾਠ - 16

ਰੁੱਖ

ਰੁੱਖਾਂ ਦੇ ਹਨ ਸੁੱਖ ਹਜ਼ਾਰਾਂ।
ਰੁੱਖਾਂ ਨਾਲ਼ ਹੀ ਮੌਜ-ਬਹਾਰਾਂ।
ਬਿਨ ਰੁੱਖਾਂ ਸਭ ਸਿਫ਼ਰ ਹੋ ਜਾਊ।
ਸਾਹ ਲੈਣ ਦੀ ਫ਼ਿਕਰ ਹੋ ਜਾਊ।
ਆਕਸੀਜਨ ਨਾ ਕਿਸੇ ਨੇ ਛੱਡਣੀ।
ਸਾਫ਼ ਹਵਾ ਕਿਧਰੇ ਨਹੀਂ ਲੱਭਣੀ।
ਵੱਧ ਤੋਂ ਵੱਧ ਰੁੱਖ ਲਾ ਕੇ ਆਪਾਂ,
ਧਰਤੀ ਮਾਂ ਦੀ ਸ਼ਾਨ ਬਚਾਈਏ।
ਸਭ ਜੀਵਾਂ ਦੀ ਜਾਨ ਬਚਾਈਏ।

ਰੁੱਖ ਹਨ ਸਾਡੇ ਪਾਲਣਹਾਰੇ।
ਇਹਨਾਂ ਤੋਂ ਜਾਈਏ ਬਲਿਹਾਰੇ।
ਫਲ਼ ਦਿੰਦੇ ਨੇ, ਫੁੱਲ ਦਿੰਦੇ ਨੇ।
ਸਾਡੇ ਰੋਗ ਨਿਵਾਰਨ ਦੇ ਲਈ,
ਜੜ੍ਹੀਆ ਬੂਟੀਆਂ ਕੁੱਲ ਦਿੰਦੇ ਨੇ।

ਲੱਕੜ, ਬਾਲਣ, ਛਾਂਵਾਂ ਦਿੰਦੇ,
ਰਲ਼ ਰੁੱਖਾਂ ਦਾ ਮਾਣ ਬਚਾਈਏ।
ਧਰਤੀ ਮਾਂ ਦੀ ਸ਼ਾਨ ਬਚਾਈਏ।
ਸਭ ਜੀਵਾਂ ਦੀ ਜਾਨ ਬਚਾਈਏ!
ਰੁੱਖ ਨਾ ਰਹੇ ਤਾਂ ਸਾਡੇ ਨਾਲੋਂ,
ਪੰਛੀ ਸਾਰੇ ਰੁੱਸ ਜਾਵਣਗੇ।

ਰੁੱਖਾਂ ਬਿਨ ਉਹ ਆਪਣੇ ਆਲ੍ਹਣੇ,
ਦੱਸੋ ਭਲਾ ਕਿਸ ਥਾਂ ਪਾਵਣਗੇ।
ਰੁੱਖਾਂ ਬਿਨਾਂ ਤਾਂ ਮੀਂਹ ਨਹੀਂ ਪੈਣੇ,
ਸੋਕਾ ਪਊ, ਤਾਂ ਕੀ ਖਾਵਾਂਗੇ।
ਆਓ! ਰੁੱਖ ਬਚਾਵਣ ਖਾਤਰ,
ਨਿੱਤ ਨਵੇਂ ਰੁੱਖ ਲਾਵਣ ਖਾਤਰ,
ਆਪਣਾ ਪੂਰਾ ਤਾਣ ਲਗਾਈਏ।
ਧਰਤੀ ਮਾਂ ਦੀ ਸ਼ਾਨ ਬਚਾਈਏ।
ਸਭ ਜੀਵਾਂ ਦੀ ਜਾਨ ਬਚਾਈਏ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਧਰਤੀ ਉੱਤੇ ਮੌਜ-ਬਹਾਰਾਂ ਕਿਸ ਨਾਲ਼ ਹਨ ?

....

....

(ਅ) ਰੁੱਖ ਹਵਾ ਨੂੰ ਕਿਵੇਂ ਸਾਫ਼ ਕਰਦੇ ਹਨ ?

....

....

(ੲ) ਰੁੱਖ ਸਾਨੂੰ ਕੀ ਕੁਝ ਦਿੰਦੇ ਹਨ ?

....

....

(ਸ) ਰੁੱਖਾਂ ਬਿਨਾਂ ਸਾਡੇ ਨਾਲ਼ ਕੌਣ ਰੁੱਸ ਜਾਵੇਗਾ ?

....

....

(ਹ) ਸਾਨੂੰ ਕਿਸ ਕੰਮ ਲਈ ਪੂਰਾ ਤਾਣ ਲਾਉਣਾ ਚਾਹੀਦਾ ਹੈ ?

....

....

2. ਸੋਹਣਾ ਕਰਦੇ ਲਿਖੋ—

ਰੁੱਖ ਹਨ ਸਾਡੇ ਪਾਲਣਹਾਰੇ।

ਇਹਨਾਂ ਤੋਂ ਜਾਈਏ ਬਲਿਹਾਰੇ।

ਫਲ਼ ਦਿੰਦੇ ਨੇ, ਫੁੱਲ ਦਿੰਦੇ ਨੇ।

ਸਾਡੇ ਰੋਗ ਨਿਵਾਰਨ ਦੇ ਲਈ

ਜੜ੍ਹੀਆਂ-ਬੂਟੀਆਂ ਕੁੱਲ ਦਿੰਦੇ ਨੇ

ਰਲ਼ ਰੁੱਖਾਂ ਦਾ ਮਾਣ ਬਚਾਈਏ।

3. ਪੜ੍ਹੋ ਅਤੇ ਸਮਝੋ—

ਸੁੱਖ	ਦੁੱਖ
ਲੱਭਣੀ	ਗੁਆਚਣੀ
ਛਾਂਵਾਂ	ਧੁੱਪਾਂ
ਦੱਸੋ	ਪੁੱਛੋ
ਨਵੇਂ	ਪੁਰਾਣੇ
ਪੂਰਾ	ਅਧੂਰਾ
ਸੋਕਾ	ਡੋਬਾ

4. ਇਸ ਪਾਠ ਵਿੱਚ ਜੋ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ—

(ੳ) ਬਲਿਹਾਰੇ : ਬਲਿਹਾਰੇ ਦਾ ਅਰਥ ਹੈ 'ਸਦਕੇ ਜਾਣਾ ਜਾਂ ਕੁਰਬਾਨ ਜਾਣਾ।'

(ਅ) ਨਿਵਾਰਨ : ਨਿਵਾਰਨ ਦਾ ਅਰਥ ਹੈ 'ਮੁਕਤੀ'

ਆਪਣੇ ਸਕੂਲ ਵਿੱਚ ਲੱਗੇ ਰੁੱਖਾਂ ਦੇ ਨਾਂ ਯਾਦ ਕਰੋ।

******

ਪਾਠ-17

ਬਾਬੇ ਭਕਨੇ ਦੀਆਂ ਪਿਆਰੀਆਂ ਗੱਲਾਂ

ਬਾਬਾ ਸੋਹਣ ਸਿੰਘ ਭਕਨਾ ਇੱਕ ਮਹਾਨ ਯੋਧਾ ਤੇ ਪ੍ਰਸਿੱਧ ਦੇਸ-ਭਗਤ ਹੋਏ ਹਨ। ਆਪ ਅਮਰੀਕਾ ਵੱਸਦੇ ਭਾਰਤੀਆਂ ਵੱਲੋਂ ਬਣਾਈ 'ਗ਼ਦਰ ਪਾਰਟੀ' ਦੇ ਪਹਿਲੇ ਪ੍ਰਧਾਨ ਸਨ। ਉਹਨਾਂ ਨੇ ਆਪਣੇ ਜੀਵਨ ਦੇ 26 ਸਾਲ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿੱਚ ਬਿਤਾਏ।

ਬਾਬਾ ਜੀ ਜਿੱਥੇ ਉੱਘੇ ਦੇਸ-ਭਗਤ ਸਨ, ਉੱਥੇ ਬੜੀ ਹੀ ਨਿੱਘੀ ਤੇ ਉੱਚੀ ਸ਼ਖ਼ਸੀਅਤ ਦੇ ਮਾਲਕ ਵੀ ਸਨ। ਉਹਨਾਂ ਦੇ ਜੀਵਨ ਨਾਲ਼ ਸੰਬੰਧਿਤ ਕੁਝ ਘਟਨਾਵਾਂ ਇੱਥੇ ਦਿੱਤੀਆਂ ਜਾਂਦੀਆਂ ਹਨ।

ਕੈਦ ਕੱਟਣ ਪਿੱਛੋਂ ਆਪ ਪਿੰਡ ਹੀ ਰਹੇ। ਦੇਸ-ਭਗਤਾਂ ਦੇ ਬੱਚਿਆਂ ਨੂੰ ਪਾਲਣ-ਪੋਸਣ ਲਈ ਉਹਨਾਂ ਨੇ 'ਕਿਰਤੀ-ਕਿਸਾਨ ਆਸ਼ਰਮ' ਖੋਲ੍ਹ ਲਿਆ। ਸਕੂਲ ਵਿੱਚ ਸਾਰੇ ਰਲ਼ ਕੇ ਹੀ ਕੰਮ ਕਰਦੇ ਤੇ ਰਲ਼ ਕੇ ਹੀ ਖਾਂਦੇ। ਉਹਨਾਂ ਨੇ ਬੱਚਿਆਂ ਦੇ ਸਕੂਲ ਲਈ ਆਪਣੀ ਦਸ ਏਕੜ ਜ਼ਮੀਨ ਦੇ ਦਿੱਤੀ। ਫਿਰ ਹਜ਼ਾਰਾਂ ਰੁਪਏ ਇਕੱਠੇ ਕਰਕੇ ਆਪਣੇ ਪਿੰਡ ਵਿੱਚ ਸਕੂਲ ਦੀ ਉਸਾਰੀ ਕਰਵਾਈ।

ਇੱਕ ਵਾਰ ਬਾਬਾ ਜੀ ਆਪਣੇ ਖੇਤਾਂ ਵੱਲ ਜਾ ਰਹੇ ਸਨ। ਆਪਣੇ ਕਮਾਦ ਦੇ ਖੇਤ ਨੇੜੇ ਉਹਨਾਂ ਨੇ ਕੁਝ ਬੱਚਿਆਂ ਦੀ ਗੱਲ-ਬਾਤ ਸੁਣੀ। ਇਹ ਬੱਚੇ ਗੰਨੇ ਚੂਪਣ ਦੀਆਂ ਸਲਾਹਾਂ ਕਰ ਰਹੇ ਸਨ। ਇਹ ਬੱਚੇ ਬਾਬਾ ਜੀ ਦੇ ਬਣਾਏ ਸਕੂਲ ਵਿੱਚ ਪੜ੍ਹਦੇ ਸਨ। ਇੱਕ ਬੱਚੇ ਨੇ ਕਿਹਾ,'ਏਦਾਂ ਚੋਰੀਓਂ ਗੰਨੇ ਪੁੱਟਣਾ ਠੀਕ ਨਹੀਂ, ਬਾਬਾ ਜੀ, ਗੁੱਸੇ ਹੋਣਗੇ।' ਬਾਕੀ ਬੱਚੇ ਵੀ ਉਸ ਦੀ ਗੱਲ ਮੰਨ ਗਏ।

ਉਹ ਗੰਨੇ ਚੂਪੇ ਬਗ਼ੈਰ ਹੀ ਚਲੇ ਗਏ। ਅਗਲੇ ਦਿਨ ਬਾਬਾ ਜੀ ਨੇ ਪ੍ਰਾਰਥਨਾ ਵੇਲ਼ੇ, ਪਹਿਲੇ ਦਿਨ ਦੀ ਘਟਨਾ ਸੁਣਾਈ। ਉਹਨਾਂ ਨੇ ਚੋਰੀਓਂ ਗੰਨੇ ਪੁੱਟਣ ਦੀ ਸਲਾਹ ਕਰਨ ਵਾਲ਼ੇ ਅਤੇ ਉਹਨਾਂ ਨੂੰ ਵਰਜਣ ਵਾਲ਼ੇ ਬੱਚਿਆਂ ਬਾਰੇ ਪੁੱਛਿਆ। ਉਹਨਾਂ ਬੱਚਿਆਂ ਦੇ ਖੜ੍ਹੇ ਹੋਣ 'ਤੇ ਬਾਬਾ ਜੀ ਬਹੁਤ ਖ਼ੁਸ਼ ਹੋਏ। ਤਦ ਉਹਨਾਂ ਨੇ ਕੇਵਲ ਉਹਨਾਂ ਬੱਚਿਆਂ ਨੂੰ ਹੀ ਨਹੀਂ ਸਗੋਂ ਸਕੂਲ ਦੇ ਸਾਰੇ ਬੱਚਿਆਂ ਨੂੰ ਕਮਾਦ ਦੇ ਖੇਤ ਵਿੱਚ ਜਾ ਕੇ ਗੰਨੇ ਚੂਪਣ ਲਈ ਕਿਹਾ।

. . . .

ਇੱਕ ਵਾਰ ਕਿਸੇ ਦੇਸ ਦਾ ਰਾਜਦੂਤ ਬਾਬਾ ਜੀ ਦੇ ਆਸ਼ਰਮ ਵਿੱਚ ਉਹਨਾਂ ਨੂੰ ਮਿਲ਼ਨ ਆਇਆ। ਉਸ ਨੇ ਬਾਬਾ ਜੀ ਤੋਂ ਪੁੱਛਿਆ,"ਬਾਬਾ ਜੀ, ਤੁਹਾਡੀ ਸੰਤਾਨ?"

ਬਾਬਾ ਜੀ ਨੇ ਸਹਿਜ-ਸੁਭਾਅ 'ਤਿੰਨ ਸੌ' ਕਹਿ ਦਿੱਤਾ। ਰਾਜਦੂਤ ਬੜਾ ਹੈਰਾਨ ਹੋਇਆ। ਉਸ ਦੇ ਦੁਬਾਰਾ ਪੁੱਛਣ 'ਤੇ ਬਾਬਾ ਜੀ ਨੇ ਸਾਹਮਣੇ ਸਕੂਲ ਵੱਲ ਇਸ਼ਾਰਾ ਕੀਤਾ। ਉਹਨਾਂ ਨੇ ਕਿਹਾ,"ਅਹੁ ਸਾਹਮਣੇ ਸਕੂਲ ਵਿੱਚ ਪੜ੍ਹਦੇ ਹਨ, ਮੇਰੇ ਤਿੰਨ ਸੌ ਬੱਚੇ।" ਉਹ ਸਕੂਲ ਦੇ ਸਾਰੇ ਬੱਚਿਆਂ ਨੂੰ ਹੀ ਆਪਣੀ ਸੰਤਾਨ ਸਮਝਦੇ ਸਨ।

. . . .

ਇੱਕ ਵਾਰ ਬਾਬਾ ਸੋਹਣ ਸਿੰਘ ਭਕਨਾ ਨੂੰ ਉਹਨਾਂ ਦੇ ਲਿਖੇ ਇੱਕ ਲੇਖ ਦੇ ਸੇਵਾ-ਫਲ਼ ਵਜੋਂ ਤਿੰਨ ਸੌ ਰੁਪਏ ਮਿਲੇ। ਉਹਨਾਂ ਨੇ ਇਹਨਾਂ ਪੈਸਿਆਂ ਨਾਲ਼ ਸਕੂਲ ਦੇ ਗ਼ਰੀਬ ਬੱਚਿਆਂ ਨੂੰ ਵਰਦੀਆਂ ਅਤੇ ਬੂਟ ਲੈ ਦਿੱਤੇ। ਇਸ ਤਰ੍ਹਾਂ ਉਹਨਾਂ ਨੂੰ ਜਿਹੜੀ ਆਮਦਨ ਹੁੰਦੀ, ਸਕੂਲ ਦੇ ਬੱਚਿਆਂ ਲਈ ਖ਼ਰਚ ਕਰ ਦਿੱਤੀ ਜਾਂਦੀ।

ਬਾਬਾ ਜੀ ਨੇ ਜਿਹੜਾ ਸਕੂਲ ਬਣਾਇਆ, ਉਸ ਨੂੰ ਚੰਗੀ ਤਰ੍ਹਾਂ ਚਲਾਉਣ ਲਈ, ਸਕੂਲ ਦੇ ਅਧਿਆਪਕ ਵੀ ਤੇ ਬੱਚੇ ਵੀ ਮਿਲ ਕੇ ਯਤਨ ਕਰਦੇ ਸਨ। ਇੱਕ ਵਾਰ ਲੋਹੜੀ ਦਾ ਦਿਨ ਸੀ। ਇਸ ਮੌਕੇ 'ਤੇ ਉਸ ਵੇਲ਼ੇ ਦੇ ਮੁੱਖ-ਅਧਿਆਪਕ ਬੱਚਿਆਂ ਨੂੰ ਨਾਲ਼ ਲੈ ਕੇ ਬਾਬਾ ਜੀ ਦੇ ਆਸ਼ਰਮ ਗਏ। ਬਾਬਾ ਜੀ ਨੇ ਮਾਤਾ ਜੀ ਨੂੰ ਪੁੱਛਿਆ,"ਘਰ ਵਿੱਚ ਤੁਹਾਨੂੰ ਕਿਹੜੀ ਚੀਜ਼ ਸਭ ਤੋਂ ਵੱਧ ਚੰਗੀ ਲੱਗਦੀ ਏ?" ਮਾਤਾ ਜੀ ਨੇ ਮੱਝ ਵੱਲ ਇਸ਼ਾਰਾ ਕੀਤਾ। ਬਾਬਾ ਜੀ ਕਹਿਣ ਲੱਗੇ,"ਘਰ ਦੀ ਕਿਸੇ ਚੀਜ਼ ਨਾਲ਼ੋਂ ਸਕੂਲ ਕਿਤੇ ਚੰਗਾ ਹੁੰਦਾ ਹੈ, ਜਿੱਥੇ ਬੱਚਿਆਂ ਦੀ ਜ਼ਿੰਦਗੀ ਬਣਦੀ ਏ। ਇਹ ਮੱਝ ਸਕੂਲ ਨੂੰ ਦਾਨ ਦੇ ਦਿਓ।"

ਮਾਤਾ ਜੀ ਨੇ ਮੱਝ ਕਿੱਲੇ ਤੋਂ ਖੋਲ੍ਹੀ ਤੇ ਲੋਹੜੀ ਮੰਗਣ ਵਾਲ਼ਿਆਂ ਨੂੰ ਫੜਾ ਦਿੱਤੀ। ਉਹਨਾਂ ਮੱਝ ਵੇਚ ਕੇ ਰਕਮ ਸਕੂਲ-ਫ਼ੰਡ ਵਿੱਚ ਜਮ੍ਹਾ ਕਰ ਲਈ। ਇਸ ਤਰ੍ਹਾਂ ਬਾਬਾ ਜੀ ਹੀ ਨਹੀਂ, ਮਾਤਾ ਜੀ ਵੀ ਬੱਚਿਆਂ ਦੀ ਭਲਾਈ ਲਈ ਸਭ ਕੁਝ ਅਰਪਣ ਕਰਨ ਲਈ ਤਿਆਰ ਰਹਿੰਦੇ ਸਨ।

. . . .

ਇੱਕ ਵਾਰ ਬਾਬਾ ਜੀ ਆਪਣੇ ਪੁਰਾਣੇ ਘਰ ਨੂੰ ਢਾਹ ਕੇ ਨਵਾਂ ਘਰ ਬਣਾਉਣ ਬਾਰੇ ਸੋਚ ਰਹੇ ਸਨ। ਇੱਕ ਦਿਨ ਉਹ ਪਿੰਡ ਦੇ ਮਿਸਤਰੀਆਂ ਨੂੰ ਲੈ ਕੇ ਗਾਡਰ ਆਦਿ ਲੈਣ ਲਈ ਸ਼ਹਿਰ ਚਲੇ ਗਏ। ਰਸਤੇ ਵਿੱਚ ਟੱਪਰੀਵਾਸਾਂ ਦੀਆਂ ਟੱਪਰੀਆਂ ਵੇਖ ਕੇ ਮਨ ਪੱਘਰ ਗਿਆ। ਸ਼ਹਿਰ ਤੋਂ ਗਾਡਰ ਦੀ ਥਾਂ ਬਾਂਸ ਅਤੇ ਸਿਰਕੀਆਂ ਲੈ ਕੇ ਮੁੜੇ। ਫਿਰ ਉਹ ਇਹਨਾਂ ਝੁੱਗੀਆਂ ਜਿਹੇ ਘਰ ਵਿੱਚ ਹੀ ਅੰਤਲੇ ਪਲਾਂ ਤੱਕ ਰਹੇ। ਕੋਈ ਪੁੱਛਦਾ ਤਾਂ ਕਹਿੰਦੇ,"ਮੇਰੇ ਦੇਸ ਦੀ ਜਨਤਾ ਨੂੰ ਚੱਜ ਨਾਲ਼ ਰਹਿਣ ਜੋਗੇ ਮਕਾਨ ਨਹੀਂ ਜੁੜੇ। ਫੇਰ ਮੇਰੀ ਦੇਸ-ਭਗਤੀ ਕਾਹਦੀ ਹੋਈ, ਜੇਕਰ ਮੈਂ ਆਲੀਸ਼ਾਨ ਘਰਾਂ ਵਿੱਚ ਰਹਾਂ?"

. . . .

ਉਹਨਾਂ ਵੱਲੋਂ ਲਾਏ ਇੱਕ ਆੜੂ ਦੇ ਬੂਟੇ ਨੂੰ ਇੱਕ ਵਾਰ ਆੜੂ ਲੱਗਾ। ਬੱਚਿਆਂ ਨੇ ਚਾਈਂ-ਚਾਈਂ ਬਾਬਾ ਜੀ ਨੂੰ ਦੱਸਿਆ। ਉਸ ਆੜੂ ਉੱਤੇ ਕੱਪੜੇ ਦੀ ਪੋਟਲੀ ਜਿਹੀ ਚੜ੍ਹਵਾ ਦਿੱਤੀ ਗਈ। ਪੱਕ ਜਾਣ 'ਤੇ ਬਾਬਾ ਜੀ ਨੇ ਉਸ ਆੜੂ ਨੂੰ ਬੱਚਿਆਂ ਵਿੱਚ ਭੋਰਾ-ਭੋਰਾ ਕਰਕੇ ਵੰਡਿਆ। ਇਸ 'ਸਾਂਝੀ-ਵੰਡ' ਵਿੱਚ ਬਾਬਾ ਜੀ ਤੇ ਬੱਚਿਆਂ ਨੂੰ ਬਹੁਤ ਖ਼ੁਸ਼ੀ ਹੋਈ।

ਇਸ ਮਹਾਨ ਦੇਸ-ਭਗਤ ਦਾ ਜਨਮ ਪਿੰਡ ਭਕਨਾ ਵਿਖੇ ਜਨਵਰੀ, 1870ਈ. ਨੂੰ ਹੋਇਆ। ਬੱਚਿਆਂ ਅਤੇ ਜਨਤਾ ਦਾ ਸੱਚਾ-ਸੁੱਚਾ ਹਮਦਰਦ ਬੜੀ ਸਿਹਤਮੰਦ ਤੇ ਲੰਮੀ ਉਮਰ ਭੋਗ ਕੇ 21 ਦਸੰਬਰ, 1968 ਈ. ਨੂੰ ਸਦਾ ਲਈ ਅੱਖਾਂ ਮੀਟ ਗਿਆ।

ਪਾਠ-ਅਭਿਆਸ

1. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—**

(ੳ) ਬਾਬਾ ਸੋਹਣ ਸਿੰਘ ਭਕਨਾ ਕੌਣ ਸਨ?

....

....

(ਅ) ਬਾਬਾ ਸੋਹਣ ਸਿੰਘ ਭਕਨਾ ਨੇ ਕਿਹੜਾ ਆਸ਼ਰਮ ਖੋਲ੍ਹਿਆ ਤੇ ਕਿਉਂ ?

....

....

(ੲ) ਬਾਬਾ ਜੀ ਨੇ ਰਾਜਦੂਤ ਤੋਂ ਕੀ ਪੁੱਛਿਆ ਅਤੇ ਬਾਬਾ ਜੀ ਨੇ ਕੀ ਉੱਤਰ ਦਿੱਤਾ ?

....

....

(ਸ) ਬਾਬਾ ਜੀ ਨੇ ਲੇਖ ਦੇ ਸੇਵਾ-ਫਲ਼ ਦੇ ਪੈਸੇ ਕਿੱਥੇ ਖ਼ਰਚ ਕੀਤੇ ?

....

....

(ਹ) ਲੋਹੜੀ ਦੇ ਮੌਕੇ 'ਤੇ ਮੱਝ ਦਾਨ ਕਰਨ ਸਮੇਂ ਬਾਬਾ ਜੀ ਨੇ, ਮਾਤਾ ਜੀ ਨੂੰ ਕੀ ਕਿਹਾ ?

....

....

(ਕ) ਅੰਤਲੇ ਪਲਾਂ ਤੱਕ ਬਾਬਾ ਜੀ ਝੁੱਗੀਆਂ ਜਿਹੇ ਘਰ ਵਿੱਚ ਹੀ ਕਿਉਂ ਰਹੇ ?

....

....

(ਖ) ਬਾਬਾ ਜੀ ਅਤੇ ਬੱਚਿਆਂ ਨੂੰ ਕਿਹੜੀ 'ਸਾਂਝੀ-ਵੰਡ' ਕਰਕੇ ਖ਼ੁਸ਼ੀ ਹੋਈ ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਬਾਬਾ ਜੀ ਗ਼ਦਰ-ਪਾਰਟੀ ਦੇ ਪਹਿਲੇ .... ਸਨ।

(ਅ) ਸਾਰੇ ਬੱਚਿਆਂ ਨੂੰ ਕਮਾਦ ਦੇ ਖੇਤ ਵਿੱਚ ਜਾ ਕੇ .... ਚੂਪਣ ਲਈ ਕਿਹਾ।

(ੲ) ਇਹ ਮੱਝ ਸਕੂਲ ਨੂੰ .... ਦੇਣ ਲਈ ਖੋਲ੍ਹ ਦਿਓ।

(ਸ) ਮਾਤਾ ਜੀ ਵੀ ਬੱਚਿਆਂ ਦੀ ਭਲਾਈ ਲਈ ਸਭ ਕੁਝ .... ਕਰਨ ਲਈ ਤਿਆਰ ਰਹਿੰਦੇ ਸਨ।

(ਹ) ਮੇਰੇ ਦੇਸ ਦੀ ਜਨਤਾ ਨੂੰ ਚੱਜ ਨਾਲ਼ ਰਹਿਣ ਜੋਗੇ .... ਨਹੀਂ ਜੁੜੇ।

(ਅਰਪਣ, ਮਕਾਨ, ਦਾਨ, ਗੰਨੇ, ਪ੍ਰਧਾਨ)

3. ਪੜ੍ਹੋ ਤੇ ਸਮਝੋ

ਆਸ਼ਰਮ	:	ਅਸਥਾਨ, ਰਹਿਣ ਦਾ ਡੇਰਾ
ਮੋਹ	:	ਪਿਆਰ
ਕਮਾਦ	:	ਗੰਨਾ
ਸੰਤਾਨ	:	ਔਲਾਦ, ਬਾਲ-ਬੱਚਾ
ਸੇਵਾ-ਫਲ਼	:	ਮਿਹਨਤਾਨਾ (ਕੰਮ ਕਰਨ ਬਦਲੇ ਮਿਲ਼ੇ ਰੁਪਏ)
ਆਮਦਨ	:	ਕਮਾਈ, ਮੁਨਾਫ਼ਾ
ਅਰਪਣ	:	ਭੇਟਾ, ਦਾਨ
ਆਲੀਸ਼ਾਨ	:	ਸ਼ਾਨਦਾਰ
ਹਮਦਰਦ	:	ਦੁੱਖ ਵੰਡਾਉਣ ਵਾਲ਼ਾ
ਸਿਹਤਮੰਦ	:	ਅਰੋਗ, ਰਾਜ਼ੀ

4. ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :

- ਗ਼ਦਰ-ਪਾਰਟੀ : ਭਾਰਤ ਤੋਂ ਬਾਹਰ ਰਹਿਣ ਵਾਲ਼ੇ ਹਿੰਦੁਸਤਾਨੀ ਦੇਸ-ਭਗਤਾਂ ਦੀ ਇੱਕ ਜਮਾਤ, ਜਿਸ ਦਾ ਕੰਮ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣਾ ਸੀ।
- ਰਾਜਦੂਤ : ਕਿਸੇ ਰਾਜ ਜਾਂ ਸਰਕਾਰ ਵੱਲੋਂ ਕਿਸੇ ਹੋਰ ਰਾਜ ਜਾਂ ਸਰਕਾਰ ਵੱਲ ਕਿਸੇ ਵਿਸ਼ੇਸ਼ ਮਨੋਰਥ ਲਈ ਭੇਜਿਆ ਗਿਆ ਸਥਾਈ ਪ੍ਰਤਿਨਿਧ, ਦੂਤ।

— ਸਿਰਕੀਆਂ : ਕਾਨੇ ਦੀਆਂ ਤੀਲਾਂ ਨੂੰ ਨਾਲ਼-ਨਾਲ਼ ਰੱਖ ਕੇ ਤੇ ਵਿੱਚੋਂ ਦੀ ਰੱਸੀ ਲੰਘਾ ਕੇ ਬਣਾਇਆ ਤ੍ਰੱਡਾ ਜੋ ਛੱਤਾਂ 'ਤੇ ਪੈਂਦਾ ਹੈ।
ਬੂਹੇ ਜਾਂ ਬਾਰੀ ਅੱਗੇ ਲਟਕਣ ਵਾਲ਼ੀ ਚਿਕ।

5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਦੇਸ-ਭਗਤ ....

....

ਗ਼ਦਰ ਪਾਰਟੀ ....

....

ਮੁੱਖ-ਅਧਿਆਪਕ ....

....

ਸਕੂਲ-ਫੰਡ ....

ਸਾਂਝੀ-ਵੰਡ ....

ਸੇਵਾ-ਫਲ਼। ....

....

ਆਪਣੇ ਅਧਿਆਪਕ ਕੋਲੋਂ ਗ਼ਦਰ ਲਹਿਰ ਦੀ ਸ਼ਤਾਬਦੀ ਮਨਾਏ ਜਾਣ ਦੀ ਜਾਣਕਾਰੀ ਪ੍ਰਾਪਤ ਕਰੋ।

******

ਪਾਠ - 18

ਪਤੰਗ ਚੜ੍ਹਾਈਏ

ਆਓ ਬੇਲੀਓ ਪਤੰਗ ਚੜ੍ਹਾਈਏ
ਰਲ਼-ਮਿਲ਼ ਕੇ ਬਸੰਤ ਮਨਾਈਏ।
ਆਪਾਂ ਮਿਲ਼-ਜੁਲ਼ ਹੱਸਣਾ ਗਾਉਣਾ
ਵਿੱਚ ਮੈਦਾਨ ਪਤੰਗ ਚੜ੍ਹਾਉਣਾ।
ਕੱਚੀਆਂ-ਪੱਕੀਆਂ ਡੋਰਾਂ ਖਿੱਚ-ਖਿੱਚ
ਪੇਚੇ ਖ਼ੂਬ ਲੜਾਈਏ।
ਆਓ ਬੇਲੀਓ ਪਤੰਗ ਚੜ੍ਹਾਈਏ।

ਹਰੀਆਂ ਪੀਲ਼ੀਆਂ, ਲਾਲ ਪਤੰਗਾਂ
ਸਤਰੰਗੀ ਪੀਂਘ ਬਣਾਈ ਰੰਗਾਂ।
ਵਿੱਚ ਅਕਾਸ਼ੀਂ ਪੰਛੀਆਂ ਵਾਂਗੂੰ
ਆਪਾਂ ਵੀ ਉੱਡ ਜਾਈਏ।
ਆਓ ਬੇਲੀਓ ਪਤੰਗ ਚੜ੍ਹਾਈਏ।

ਪਤੰਗਾਂ ਦਾ ਤਿਉਹਾਰ ਨਿਰਾਲਾ
ਨਾ ਗਰਮੀ ਨਾ ਲੱਗੇ ਪਾਲ਼ਾ।
ਸੁੰਦਰ-ਸੋਹਣੇ ਫੁੱਲਾਂ ਵਾਂਗੂੰ
ਖਿੜ-ਖਿੜ ਹੱਸੀਏ ਗਾਈਏ।
ਆਓ ਬੇਲੀਓ ਪਤੰਗ ਚੜ੍ਹਾਈਏ।

ਬਸੰਤ-ਰੁੱਤ ਦੇ ਮੇਲੇ ਲੱਗਦੇ
ਰੰਗਾਂ ਦੇ ਦਰਿਆ ਨੇ ਵਗਦੇ।
ਟਹਿਕੀਏ ਸਰ੍ਹੋਂ ਦੇ ਫੁੱਲਾਂ ਵਾਂਗੂੰ
ਮਹਿਕਾਂ ਵੰਡਦੇ ਜਾਈਏ।
ਆਓ ਬੇਲੀਓ ਪਤੰਗ ਚੜ੍ਹਾਈਏ
ਰਲ਼-ਮਿਲ਼ ਕੇ ਬਸੰਤ ਮਨਾਈਏ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਪਤੰਗ ਕਿਸ ਰੁੱਤ ਵਿੱਚ ਚੜ੍ਹਾਏ ਜਾਂਦੇ ਹਨ ?

....

....

(ਅ) ਸਤਰੰਗੀ ਪੀਂਘ ਕਿਸ ਤਰ੍ਹਾਂ ਬਣਦੀ ਹੈ ?

....

....

(ੲ) ਬੱਚੇ ਅਸਮਾਨ ਵਿੱਚ ਕਿਵੇਂ ਉੱਡਣਾ ਚਾਹੁੰਦੇ ਹਨ ?

....

....

(ਸ) ਪਤੰਗਾਂ ਦੇ ਤਿਉਹਾਰ ਸਮੇਂ ਮੌਸਮ ਕਿਹੋ-ਜਿਹਾ ਹੁੰਦਾ ਹੈ?

....

....

2. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :

ਬਸੰਤ	ਮਿੱਤਰੋ
ਬੇਲੀਓ	ਅਸਮਾਨ
ਪੇਚੇ	ਵੱਖਰਾ
ਸਤਰੰਗੀ	ਖਿੜੀਏ
ਅੰਬਰ	ਖ਼ੁਸ਼ਬੋਆਂ
ਨਿਰਾਲਾ	ਸੱਤ ਰੰਗਾਂ ਦੀ
ਟਹਿਕੀਏ	ਪਤੰਗਾਂ ਦਾ ਭਿੜਨਾ
ਮਹਿਕਾਂ	ਬਹਾਰ

3. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

(ੳ) ਆਪਾਂ ਮਿਲ਼-ਜੁਲ਼ ਹੱਸਣਾ ਗਾਉਣਾ,

.....................................।

(ਅ) ਪਤੰਗਾਂ ਦਾ ਤਿਉਹਾਰ ਨਿਰਾਲਾ,

.....................................।

ਆਪਣੇ ਅਧਿਆਪਕ ਜੀ ਦੀ ਮਦਦ ਨਾਲ਼ ਬਸੰਤ ਰੁੱਤ ਬਾਰੇ ਦਸ ਸਤਰਾਂ ਲਿਖੋ।

******

ਪਾਠ-19

ਪਟਿਆਲ਼ਾ

ਪਟਿਆਲਾ ਬਾਗ਼ਾਂ ਤੇ ਸੋਹਣੀਆਂ ਇਮਾਰਤਾਂ ਦਾ ਸ਼ਹਿਰ ਹੈ। ਇਹ ਕੋਈ ਬਹੁਤਾ ਪੁਰਾਣਾ ਸ਼ਹਿਰ ਨਹੀਂ। ਇਸ ਦੀ ਉਮਰ ਮਸਾਂ ਢਾਈ ਕੁ ਸੌ ਵਰ੍ਹੇ ਹੈ। ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਦੀ ਨੀਂਹ ਫੂਲਕੀਆਂ ਘਰਾਣੇ ਦੇ ਪ੍ਰਸਿੱਧ ਯੋਧੇ ਬਾਬਾ ਆਲਾ ਸਿੰਘ ਨੇ ਇੱਕ ਡਿਉੜ੍ਹੀ ਅਤੇ ਕੱਚੀ-ਗੜ੍ਹੀ ਬਣਾ ਕੇ ਰੱਖੀ ਸੀ। ਇਸ ਥੋੜ੍ਹੇ ਸਮੇਂ ਵਿੱਚ ਹੀ ਇਹ ਸ਼ਹਿਰ ਏਨਾ ਫੈਲਿਆ ਕਿ ਹੁਣ ਇਸ ਦੀ ਗਿਣਤੀ ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਹੁੰਦੀ ਹੈ।

ਪਟਿਆਲ਼ਾ ਬੱਸ ਅੱਡੇ ਤੋਂ ਉੱਤਰ ਕੇ ਮਾਲ-ਰੋਡ ’ਤੇ ਜਾਈਏ ਤਾਂ ਥੋੜ੍ਹਾ ਅੱਗੇ ਜਾ ਕੇ ਖੱਬੇ ਪਾਸੇ ਜ਼ਿਲ੍ਹਾ ਕਚਹਿਰੀਆਂ ਆਉਂਦੀਆਂ ਹਨ। ਸੱਜੇ ਹੱਥ ਮੁਸਾਫ਼ਿਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਹੈ। ਇਸ ਲਾਇਬ੍ਰੇਰੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਤਾਬਾਂ ਹਨ। ਇੱਥੇ ਬਹੁਤ ਸਾਰੇ ਪੁਰਾਣੇ ਗ੍ਰੰਥ ਵੀ ਸਾਂਭੇ ਹੋਏ ਹਨ।

ਸੜਕ ਉੱਤੇ ਕੁਝ ਕਦਮ ਅੱਗੇ ਜਾ ਕੇ ਖੱਬੇ ਹੱਥ ਇੱਕ ਵੱਡਾ ਤਲਾਅ ਹੈ। ਇਸ ਵਿੱਚ ਉੱਚੀ ਥਾਂ ਉੱਤੇ ਮਹਾਤਮਾ ਗਾਂਧੀ ਦਾ ਬੁੱਤ ਲੱਗਿਆ ਹੋਇਆ ਹੈ। ਸ਼ਾਮ ਨੂੰ ਲੋਕ ਸੈਰ ਕਰਦੇ ਹੋਏ ਏਥੇ ਆ ਬੈਠਦੇ ਹਨ। ਇਸ ਦੇ ਨਾਲ਼ ਹੀ ਮਾਲ-ਰੋਡ ਦੇ ਖੱਬੇ ਹੱਥ ਕਾਲ਼ੀ ਦੇਵੀ ਦਾ ਪ੍ਰਸਿੱਧ ਮੰਦਰ ਹੈ। ਸੱਜੇ ਹੱਥ ਬਾਰਾਂਦਰੀ ਬਾਗ਼ ਹੈ। ਇਸ ਬਾਗ਼ ਵਿੱਚ ਭਾਂਤ-ਭਾਂਤ ਦੇ ਉੱਚੇ-ਲੰਮੇ ਦਰਖ਼ਤ ਹਨ। ਇਹ ਬਾਗ਼ ਮਹਾਰਾਜਾ ਨਰਿੰਦਰ ਸਿੰਘ ਨੇ ਲਾਹੌਰ ਦੇ ਸ਼ਾਲੀਮਾਰ ਬਾਗ਼ ਦੇ ਨਮੂਨੇ ’ਤੇ ਲਗਵਾਇਆ ਸੀ। ਇਸ ਬਾਗ਼ ਵਿੱਚ ਇੱਕ ਇਮਾਰਤ ਹੈ, ਜਿੱਥੇ ਪੁਰਾਣੀਆਂ ਇਤਿਹਾਸਿਕ ਚੀਜ਼ਾਂ ਸਾਂਭੀਆਂ ਹੋਈਆਂ ਹਨ। ਇਹਨਾਂ ਵਿੱਚ ਰਾਜਿਆਂ-ਮਹਾਰਾਜਿਆਂ ਦੇ ਸਿੱਕੇ, ਜ਼ਰੂਰੀ ਕਾਗਜ਼-ਪੱਤਰ ਤੇ ਚਿੱਤਰ ਹਨ। ਬਾਰਾਂਦਰੀ ਵਿੱਚ ਇੱਕ ਵੱਡਾ ਕ੍ਰਿਕਟ ਦਾ ਮੈਦਾਨ ਵੀ ਹੈ।

ਬਾਰਾਂਦਰੀ ਵਿੱਚੋਂ ਮੁੜ ਮਾਲ-ਰੋਡ ’ਤੇ ਆ ਜਾਈਏ ਤਾਂ ਸਾਹਮਣੇ ਫੁਹਾਰਾ ਚੌਕ ਹੈ। ਇੱਥੇ ਰਾਤ ਵੇਲ਼ੇ ਚੱਲਦੇ ਫੁਹਾਰੇ ਹੇਠ ਰੰਗ-ਬਰੰਗੀ ਰੋਸ਼ਨੀ ਬਹੁਤ ਸੋਹਣੀ ਲੱਗਦੀ ਹੈ। ਅੱਗੇ ਸ. ਸੇਵਾ ਸਿੰਘ ਠੀਕਰੀਵਾਲ਼ੇ ਦਾ ਉੱਚਾ-ਲੰਮਾ ਬੁੱਤ ਹੈ। ਸ. ਸੇਵਾ ਸਿੰਘ ਇੱਕ ਮਹਾਨ ਦੇਸ-ਭਗਤ ਹੋਇਆ ਹੈ। ਉਸ ਨੇ ਰਾਜਿਆਂ ਦੇ ਪਰਜਾ ਉੱਤੇ ਕੀਤੇ ਜਾ ਰਹੇ ਧੱਕਿਆਂ ਵਿਰੁੱਧ ਲੜਾਈ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਸੀ। ਇਹ ਬੁੱਤ ਇਸ ਮਹਾਨ ਯੋਧੇ ਦੀ ਯਾਦ ਤਾਜ਼ਾ ਕਰਵਾਉਂਦਾ ਹੈ।

ਏਥੋਂ ਨੇੜੇ ਹੀ ਰਾਜਿੰਦਰਾ ਹਸਪਤਾਲ ਹੈ। ਇਹ ਪੰਜਾਬ ਦਾ ਇੱਕ ਉੱਘਾ ਹਸਪਤਾਲ ਹੈ। ਇਸ ਦੇ ਨਾਲ਼ ਲੱਗਵਾਂ ਹੀ ਸੜਕ ਦੇ ਖੱਬੇ ਪਾਸੇ ਮੈਡੀਕਲ ਕਾਲਜ ਹੈ। ਵਿਦਿਆਰਥੀ ਏਥੋਂ ਪੜ੍ਹ ਕੇ ਡਾਕਟਰ ਬਣਦੇ ਹਨ।

ਸੇਵਾ ਸਿੰਘ ਠੀਕਰੀਵਾਲ਼ਾ ਦੇ ਬੁੱਤ ਤੋਂ ਮੋਤੀ ਬਾਗ਼ ਨੂੰ ਜਾਈਏ ਤਾਂ ਰਾਹ ਵਿੱਚ ਪੋਲੋ-ਗਰਾਊਂਡ ਤੇ ਯਾਦਵਿੰਦਰਾ ਸਟੇਡੀਅਮ ਆਉਂਦਾ ਹੈ। ਨਵਾਂ ਮੋਤੀ ਮਹਿਲ ਵੀ ਇਸੇ ਸੜਕ ਉੱਤੇ ਹੈ। ਇਸ ਮਹਿਲ ਵਿੱਚ ਰਾਜ-ਘਰਾਣੇ ਦੀ ਨਿੱਜੀ ਰਹਾਇਸ਼ ਹੈ। ਮੋਤੀ ਬਾਗ਼ ਵਿੱਚ ਅੱਜ-ਕੱਲ੍ਹ ਖੇਡਾਂ ਦਾ ਉੱਘਾ ਕੇਂਦਰ ਹੈ। ਇਸ ਦਾ ਨਾਂ ਪ੍ਰਸਿੱਧ ਦੇਸ-ਭਗਤ ਨੇਤਾ ਸ੍ਰੀ ਸੁਭਾਸ਼ ਚੰਦਰ ਬੋਸ ਦੇ ਨਾਂ ਉੱਤੇ ਰੱਖਿਆ ਗਿਆ ਹੈ। ਏਥੇ ਕੇਵਲ ਭਾਰਤ ਦੇ ਹੀ ਨਹੀਂ, ਸਗੋਂ ਬਾਹਰਲੇ ਦੇਸਾਂ ਤੋਂ ਆਏ ਸੈਂਕੜੇ ਖਿਡਾਰੀ ਵੀ ਸਿਖਲਾਈ ਲੈਂਦੇ ਹਨ।

ਪਟਿਆਲ਼ੇ ਦੀ ਸੈਰ ਕਰਨ ਆਏ ਲੋਕ ਮੋਤੀ ਬਾਗ਼ ਵਿੱਚ ਬਣਿਆ ਸ਼ੀਸ਼-ਮਹਿਲ ਜ਼ਰੂਰ ਵੇਖਦੇ ਹਨ। ਇਹ ਮਹਿਲ ਮਹਾਰਾਜਾ ਨਰਿੰਦਰ ਸਿੰਘ ਨੇ 1847 ਈ. ਵਿੱਚ ਸੱਤ ਲੱਖ ਰੁਪਏ ਦੀ ਲਾਗਤ ਨਾਲ਼ ਬਣਵਾਇਆ ਸੀ। ਇਸ ਦੀਆਂ ਕੰਧਾਂ ਵਿੱਚ ਸ਼ੀਸ਼ੇ ਦੀਆਂ ਖ਼ੂਬਸੂਰਤ ਟੁਕੜੀਆਂ ਲੱਗੀਆਂ ਹੋਈਆਂ ਹਨ। ਜਦੋਂ ਆਦਮੀ ਇਸ ਮਹਿਲ ਵਿੱਚ ਵੜਦਾ ਹੈ ਤਾਂ ਉਸ ਨੂੰ ਆਲ਼ੇ-ਦੁਆਲ਼ੇ ਦੀਆਂ ਕੰਧਾਂ ਵਿੱਚ ਲੱਗੇ ਸ਼ੀਸ਼ਿਆਂ ਦੀਆਂ ਸਜਾ ਕੇ ਲਾਈਆਂ ਟੁਕੜੀਆਂ ਵਿੱਚ ਆਪਣੇ ਹਜ਼ਾਰਾਂ ਚਿਹਰੇ ਦਿਸਦੇ ਹਨ। ਨਾਲ਼ ਦੇ ਵੱਡੇ ਕਮਰਿਆਂ ਵਿੱਚ ਕੰਧਾਂ ਉੱਤੇ ਵੱਡੇ-ਵੱਡੇ ਕੋਈ ਇੱਕ ਸੌ ਤੋਂ ਵੱਧ ਚਿੱਤਰ ਲੱਗੇ ਹੋਏ ਹਨ।

ਕਮਰਿਆਂ ਵਿਚਕਾਰ ਤ੍ਰਿੰਞਣ ਕੱਤਦੀਆਂ ਅਤੇ ਕਿੱਕਲੀ ਪਾਉਂਦੀਆਂ ਪੰਜਾਬੀ ਕੁੜੀਆਂ ਦੇ ਬੁੱਤ ਹਨ। ਕਿਧਰੇ ਸੱਜਵਿਆਹੀ ਕੁੜੀ ਅਤੇ ਕਿਤੇ ਪਾਣੀ ਦਾ ਘੜਾ ਚੁੱਕੀ ਮੁਟਿਆਰ ਖੜ੍ਹੀ ਹੈ। ਇਹ ਬੁੱਤ ਏਨੇ ਸੁੰਦਰ ਹਨ ਕਿ ਕਈ ਵਾਰ ਤਾਂ ਇਹਨਾਂ ਦੇ ਅਸਲੀ ਹੋਣ ਦਾ ਭੁਲੇਖਾ ਲੱਗ ਜਾਂਦਾ ਹੈ। ਏਥੇ ਬਹੁਗਿਣਤੀ ਵਿੱਚ ਹਾਥੀ-ਦੰਦ ਤੇ ਲੱਕੜੀ ਦੇ ਕੰਮ ਦੇ ਉੱਤਮ ਨਮੂਨੇ ਹਨ।

ਸ਼ੀਸ਼ਮਹਿਲ ਤੋਂ ਬਾਹਰ ਇੱਕ ਵੱਡਾ ਤਲਾਅ ਹੈ। ਇਸ ਉੱਤੇ ਤਾਰਾਂ ਅਤੇ ਲੱਕੜ ਦੀਆਂ ਫੱਟੀਆਂ ਨਾਲ਼ ਬਣਿਆ ਇੱਕ ਲਟਕਦਾ ਪੁਲ਼ ਹੈ। ਇਸ ਨੂੰ ਲਛਮਣ-ਝੂਲਾ ਕਹਿੰਦੇ ਹਨ। ਇਸ ਪੁਲ਼ ਉੱਤੋਂ ਦੀ ਲੰਘੀਏ ਤਾਂ ਇਹ ਝੂਲਦਾ ਹੈ। ਪੁਲ਼ ਤੋਂ ਅੱਗੇ ਜੀਵ-ਜੰਤੂ ਗੈਲਰੀ ਹੈ ਜਿਸ ਵਿੱਚ ਭਾਂਤ-ਭਾਂਤ ਦੇ ਸੈਂਕੜੇ ਪੰਛੀ ਤੇ ਜਾਨਵਰ ਖੜ੍ਹੇ ਹਨ। ਬੁੱਤਾਂ ਵਾਂਗ ਇਹ ਵੀ ਜਿਊਂਦੇ ਨਹੀਂ। ਇਹ ਤਾਂ ਪੰਛੀਆਂ ਅਤੇ ਜਾਨਵਰਾਂ ਦੀਆਂ ਖੱਲਾਂ ਹਨ ਜੋ ਅੰਦਰੋਂ ਭਰੀਆਂ ਹੋਈਆਂ ਹਨ।

ਮੋਤੀ ਬਾਗ਼ ਦੇ ਸਾਮ੍ਹਣੇ ਉੱਚੀਆਂ-ਉੱਚੀਆਂ ਮੰਮਟੀਆਂ ਵਾਲ਼ਾ ਮਹਿੰਦਰਾ ਕਾਲਜ ਹੈ। ਇਸ ਨੂੰ ਮਹਾਰਾਜਾ ਮਹਿੰਦਰ ਸਿੰਘ ਨੇ ਬਣਵਾਇਆ ਸੀ। ਇਹ ਪੰਜਾਬ ਦੇ ਪੁਰਾਣੇ ਕਾਲਜਾਂ ਵਿੱਚੋਂ ਇੱਕ ਹੈ।

ਇਸ ਕਾਲਜ ਤੋਂ ਇੱਕ ਸਿੱਧੀ ਸੜਕ ਕਿਲ੍ਹਾ-ਮੁਬਾਰਕ ਪਹੁੰਚ ਜਾਂਦੀ ਹੈ। ਇਸ ਕਿਲ੍ਹੇ ਦੀ ਨੀਂਹ ਵੀ ਬਾਬਾ ਆਲਾ ਸਿੰਘ ਨੇ ਰੱਖੀ ਸੀ। ਏਥੇ ਇੱਕ ਵੇਖਣਯੋਗ ਥਾਂ, ਕਿਲ੍ਹੇ ਵਿਚਲਾ ਅਜਾਇਬ-ਘਰ ਹੈ। ਇਸ ਥਾਂ ਪਹਿਲਾਂ ਦਰਬਾਰ–ਹਾਲ ਸੀ। ਇਸ ਨੂੰ ਮਹਾਰਾਜਾ ਨਰਿੰਦਰ ਸਿੰਘ ਨੇ 1856 ਈ. ਵਿੱਚ ਬਣਵਾਇਆ ਸੀ। ਇਸ ਵਿੱਚ ਰਾਜਿਆਂ–ਮਹਾਰਾਜਿਆਂ ਦੇ ਹਥਿਆਰ, ਲੜਾਈ ਵਿੱਚ ਪਹਿਨੇ ਜਾਣ ਵਾਲ਼ੇ ਪੁਰਾਣੇ ਬਸਤਰ, ਪੁਰਾਣੀਆਂ ਬੱਘੀਆਂ, ਕਾਰਾਂ ਅਤੇ ਹੋਰ ਕਿੰਨੀਆਂ ਹੀ ਪੁਰਾਣੀਆਂ ਚੀਜ਼ਾਂ ਹਨ। ਸਭ ਤੋਂ ਖਿੱਚ-ਪਾਊ ਚੀਜ਼ ਛੱਤ 'ਤੇ ਲਟਕਦੇ ਝਾੜ ਤੇ ਫ਼ਾਨੂਸ ਹਨ। ਏਨੀ ਗਿਣਤੀ ਵਿੱਚ ਤੇ ਵਧੀਆ ਫ਼ਾਨੂਸ ਸ਼ਾਇਦ ਭਾਰਤ ਵਿੱਚ ਕਿਤੇ ਹੀ ਹੋਣ। ਕਿਲ੍ਹੇ ਵਿੱਚ ਕੁਝ ਥਾਂਵਾਂ ਉੱਤੇ ਪੁਰਾਣੀਆਂ ਤੋਪਾਂ ਵੀ ਪਈਆਂ ਹਨ।

ਕਿਲ੍ਹਾ ਮੁਬਾਰਕ ਦੇ ਸਾਹਮਣੇ ਸ਼ਹੀਦ ਭਗਤ ਸਿੰਘ ਦੇ ਨਾਂ ਉੱਤੇ ਬਣਿਆ ਇੱਕ ਪਾਰਕ ਹੈ। ਨੇੜੇ ਹੀ ਮਿਊਂਸਪਲ ਕਮੇਟੀ ਦੀ ਲਾਇਬ੍ਰੇਰੀ ਹੈ। ਕਿਲ੍ਹੇ ਤੋਂ ਸ਼ੇਰਾਂਵਾਲ਼ੇ ਦਰਵਾਜ਼ੇ ਤੱਕ ਵੱਡਾ ਬਜ਼ਾਰ ਹੈ। ਇਹ ਪਟਿਆਲ਼ੇ ਦਾ ਸਭ ਤੋਂ ਪੁਰਾਣਾ ਤੇ ਲੰਮਾ ਬਜ਼ਾਰ ਹੈ। ਇਸ ਬਜ਼ਾਰ ਵਿੱਚ ਪਟਿਆਲੇ ਦੀਆਂ ਮਸ਼ਹੂਰ ਪਰਾਂਦੀਆਂ, ਨਾਲ਼ੇ ਅਤੇ ਦੇਸੀ ਕੱਢਵੀਆਂ ਜੁੱਤੀਆਂ ਮਿਲ਼ਦੀਆਂ ਹਨ। ਇਸੇ ਬਜ਼ਾਰ ਦੇ ਵਿਚਕਾਰ ਕਰਕੇ ਅਨਾਰਦਾਨਾ ਚੌਕ ਹੈ।

ਇਸ ਸ਼ਹਿਰ ਤੋਂ ਬਾਹਰ ਨਿਕਲ਼ਦੇ ਹਰ ਰਾਹ 'ਤੇ ਇੱਕ ਵੱਡਾ ਦਰਵਾਜ਼ਾ ਹੈ ਜਿਵੇਂ ਸਰਹਿੰਦੀ ਦਰਵਾਜ਼ਾ, ਸ਼ੇਰਾਂਵਾਲ਼ਾ ਦਰਵਾਜ਼ਾ, ਲਾਹੌਰੀ ਦਰਵਾਜ਼ਾ, ਸੁਨਾਮੀ ਦਰਵਾਜ਼ਾ, ਸਮਾਨੀਆ ਦਰਵਾਜ਼ਾ,

ਸੈਫ਼ਾਬਾਦੀ ਦਰਵਾਜ਼ਾ ਅਤੇ ਦਰਸ਼ਨੀ ਦਰਵਾਜ਼ਾ ਆਦਿ। ਇਹਨਾਂ ਵਿੱਚੋਂ ਕਈ ਦਰਵਾਜ਼ੇ ਹੁਣ ਢਹਿ ਚੁੱਕੇ ਹਨ।

ਪਟਿਆਲ਼ੇ ਵਿੱਚ ਵੇਖਣ ਵਾਲ਼ੀਆਂ ਥਾਂਵਾਂ ਵਿੱਚੋਂ ਇੱਕ ਪ੍ਰਸਿੱਧ ਥਾਂ ਗੁਰਦੁਵਾਰਾ ਸ੍ਰੀ ਦੂਖ-ਨਿਵਾਰਨ ਸਾਹਿਬ ਹੈ। ਇਹ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਯਾਦ ਵਿੱਚ ਬਣਾਇਆ ਗਿਆ ਸੀ। ਇੱਥੇ ਬਸੰਤ-ਪੰਚਮੀ ਦੇ ਦਿਨ ਬਹੁਤ ਵੱਡਾ ਮੇਲਾ ਲੱਗਦਾ ਹੈ। ਇੱਥੇ ਸੰਝ-ਸਵੇਰੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮੱਥਾ ਟੇਕਣ ਆਉਂਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ਼ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਪਟਿਆਲ਼ਾ ਵਿੱਦਿਆ ਦਾ ਬਹੁਤ ਵੱਡਾ ਕੇਂਦਰ ਹੈ। ਰਾਜਿਆਂ ਦੇ ਸਮੇਂ ਵੀ ਇੱਥੇ ਕਈ ਵੱਡੇ ਵਿਦਵਾਨ ਤੇ ਸੰਗੀਤਕਾਰ ਹੋਏ ਹਨ। ਹੁਣ ਇੱਥੇ ਤਰ੍ਹਾਂ-ਤਰ੍ਹਾਂ ਦੀ ਪੜ੍ਹਾਈ ਦਾ ਪ੍ਰਬੰਧ ਹੈ। ਕੋਈ ਵਕੀਲ, ਡਾਕਟਰ, ਵੈਦ, ਅਧਿਆਪਕ, ਇੰਜੀਨੀਅਰ, ਜੋ ਵੀ ਬਣਨਾ ਚਾਹੇ, ਉਸ ਲਈ ਹਰ ਤਰ੍ਹਾਂ ਦੇ ਕਾਲਜ ਹਨ। ਪਟਿਆਲ਼ੇ ਤੋਂ ਰਾਜਪੁਰੇ ਨੂੰ ਜਾਂਦੀ ਸੜਕ ਉੱਤੇ ਪੰਜਾਬੀ ਯੂਨੀਵਰਸਿਟੀ ਹੈ।

ਪਟਿਆਲ਼ੇ ਵਿੱਚ ਅਨੇਕਾਂ ਵੱਡੇ ਦਫ਼ਤਰ ਹਨ। ਪੰਜਾਬ ਰਾਜ ਬਿਜਲੀ ਬੋਰਡ ਦੇ ਕੇਂਦਰੀ ਦਫ਼ਤਰ ਇੱਥੇ ਹੀ ਹਨ। ਇਸ ਤੋਂ ਇਲਾਵਾ ਪੰਜਾਬ ਲੋਕ-ਸੇਵਾ ਕਮਿਸ਼ਨ ਅਤੇ ਭਾਸ਼ਾ-ਵਿਭਾਗ ਪੰਜਾਬ ਦੇ ਦਫ਼ਤਰ ਵੀ ਪਟਿਆਲੇ ਹੀ ਹਨ। ਇੱਥੇ ਹੁਣ ਰੇਲ-ਵਿਭਾਗ ਦਾ ਇੱਕ ਕਾਰਖ਼ਾਨਾ ਵੀ ਲੱਗ ਗਿਆ ਹੈ।

ਪਿਛਲੇ ਕੁਝ ਸਮੇਂ ਤੋਂ ਹੋਰ ਸ਼ਹਿਰਾਂ ਵਾਂਗ ਇਸ ਸ਼ਹਿਰ ਵਿੱਚ ਵੀ ਭੀੜ-ਭੜੱਕਾ ਹੋਣ ਲੱਗ ਪਿਆ ਹੈ। ਫਿਰ ਵੀ ਪਟਿਆਲ਼ਾ ਬਹੁਤੀ ਭੱਜ-ਦੌੜ ਵਾਲ਼ਾ ਸ਼ਹਿਰ ਨਹੀਂ ਹੈ। ਇਹ ਨਾ ਤਾਂ ਲੁਧਿਆਣੇ

ਵਾਂਗ ਕਾਰਖ਼ਾਨਿਆਂ ਦਾ ਸ਼ਹਿਰ ਹੈ ਤੇ ਨਾ ਹੀ ਏਥੇ ਚੰਡੀਗੜ੍ਹ ਜਿਹੀ ਚਮਕ-ਦਮਕ ਹੈ। ਇਸ ਸ਼ਹਿਰ ਦੇ ਲੋਕਾਂ ਵਿੱਚ ਏਨਾ ਨਿੱਘ ਹੈ ਕਿ ਇੱਕ ਵਾਰੀ ਏਥੇ ਵੱਸ ਜਾਓ, ਫਿਰ ਇੱਥੋਂ ਜਾਣ ਨੂੰ ਜੀਅ ਨਹੀਂ ਕਰਦਾ। ਪਿਛਲੇ ਕੁਝ ਸਮੇਂ ਤੋਂ ਇਹ ਸ਼ਹਿਰ ਪੰਜਾਬੀ ਸੱਭਿਆਚਾਰ ਦੇ ਉੱਘੇ ਕੇਂਦਰ ਵਜੋਂ ਉੱਭਰ ਰਿਹਾ ਹੈ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਪਟਿਆਲ਼ਾ ਸ਼ਹਿਰ ਦੀ ਨੀਂਹ ਕਿਸ ਨੇ ਰੱਖੀ ਸੀ?

....

....

(ਅ) ਇਸ ਪਾਠ ਵਿੱਚ ਪਟਿਆਲਾ ਦੇ ਬੱਸ-ਅੱਡੇ ਤੋਂ ਫੁਹਾਰਾ ਚੌਕ ਤੱਕ ਕਿਹੜੀਆਂ-ਕਿਹੜੀਆਂ ਥਾਂਵਾਂ ਦਾ ਜ਼ਿਕਰ ਆਉਂਦਾ ਹੈ?

....

....

(ੲ) ਸ. ਸੇਵਾ ਸਿੰਘ ਠੀਕਰੀਵਾਲ਼ਾ ਕਿਹੜੀ ਗੱਲੋਂ ਉੱਘੇ ਹੋਏ?

....

....

(ਸ) ਸ਼ੀਸ਼ਮਹਿਲ ਕਿਸ ਰਾਜੇ ਨੇ ਬਣਵਾਇਆ ਸੀ ਤੇ ਇਸ ਉੱਤੇ, ਉਸ ਸਮੇਂ ਕਿੰਨੀ ਲਾਗਤ ਆਈ ਸੀ?

....

....

(ਹ) ਪਟਿਆਲ਼ਾ ਦੇ ਮੋਤੀ ਬਾਗ਼ ਵਿੱਚ ਕੀ ਕੁਝ ਵੇਖਣਯੋਗ ਹੈ ?

....

....

(ਕ) ਕਿਲ੍ਹਾ ਮੁਬਾਰਕ ਦੇ ਅਜਾਇਬ-ਘਰ ਵਿੱਚ ਕਿਹੜੀਆਂ ਚੀਜ਼ਾਂ ਵੇਖਣਯੋਗ ਹਨ ?

....

....

(ਖ) ਪਟਿਆਲ਼ਾ ਨੂੰ ਵਿੱਦਿਆ ਦਾ ਵੱਡਾ ਕੇਂਦਰ ਕਿਉਂ ਕਿਹਾ ਗਿਆ ਹੈ ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਪਟਿਆਲਾ ਵਿਖੇ ਮੁਸਾਫਿਰ ਮੈਮੋਰੀਅਲ ਸੈਂਟਰਲ ਸਟੇਟ .... ਹੈ।

(ਅ) ਬਾਰਾਂਦਰੀ ਵਿੱਚ ਇੱਕ ਵੱਡਾ .... ਦਾ ਮੈਦਾਨ ਵੀ ਹੈ।

(ੲ) ਮੋਤੀ ਬਾਗ਼ ਦੇ ਸਾਮ੍ਹਣੇ ਉੱਚੀਆਂ-ਉੱਚੀਆਂ ਮੰਮਟੀਆਂ ਵਾਲ਼ਾ ਮਹਿੰਦਰਾ .... ਹੈ।

(ਸ) ਕਿਲ੍ਹਾ ਮੁਬਾਰਕ ਦੇ ਸਾਹਮਣੇ ਸ਼ਹੀਦ ਭਗਤ ਸਿੰਘ ਦੇ ਨਾਂ ਉੱਤੇ ਬਣਿਆ ਇੱਕ .... ਹੈ।

(ਹ) ਬਸੰਤ-ਪੰਚਮੀ ਦੇ ਦਿਨ ਇੱਥੇ ਬਹੁਤ ਵੱਡਾ .... ਲੱਗਦਾ ਹੈ।

(ਕ) ਪਟਿਆਲ਼ੇ ਤੋਂ ਰਾਜਪੁਰੇ ਨੂੰ ਜਾਂਦੀ ਸੜਕ ਉੱਤੇ ਪੰਜਾਬੀ .... ਹੈ।

(ਕ੍ਰਿਕਟ, ਕਾਲਜ, ਲਾਇਬ੍ਰੇਰੀ, ਯੂਨੀਵਰਸਿਟੀ, ਮੇਲਾ, ਪਾਰਕ)

3. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :

ਸੇਵਾ ਸਿੰਘ ਠੀਕਰੀਵਾਲ਼ਾ	ਦੂਖ-ਨਿਵਾਰਨ ਸਾਹਿਬ
ਕ੍ਰਿਕਟ ਦਾ ਮੈਦਾਨ	ਕਾਲਜ
ਗੁਰੂ ਤੇਗ਼ ਬਹਾਦਰ ਜੀ	ਇਸ਼ਨਾਨ
ਰਾਜਿੰਦਰਾ	ਕੁੜੀਆਂ
ਮਹਿੰਦਰਾ	ਹਸਪਤਾਲ
ਸਰੋਵਰ	ਖਿਡਾਰੀ
ਤ੍ਰਿੰਞਣ	ਦੇਸ-ਭਗਤ

4. ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :

— ਤ੍ਰਿੰਞਣ : ਕੱਤਣ ਵਾਲ਼ੀਆਂ ਕੁੜੀਆਂ ਦਾ ਇਕੱਠ

— ਅਜਾਇਬ-ਘਰ : ਉਹ ਥਾਂ ਜਿੱਥੇ ਅਨੋਖੀਆਂ, ਹੈਰਾਨ ਕਰਨ ਵਾਲ਼ੀਆਂ ਚੀਜ਼ਾਂ, ਲੋਕਾਂ ਦੇ ਵੇਖਣ ਲਈ ਰੱਖੀਆਂ ਹੁੰਦੀਆਂ ਹਨ।

— ਝਾੜ ਤੇ ਫ਼ਾਨੂਸ : ਝਾੜ ਦੀ ਸ਼ਕਲ ਦਾ, ਰੋਸ਼ਨੀ ਕਰਨ ਦਾ ਸ਼ੀਸ਼ੇ ਦਾ ਸਮਾਨ, ਜੋ ਛੱਤ ਨਾਲ਼ ਲਮਕਾਇਆ ਜਾਂਦਾ ਹੈ।

5. ਇਸ ਪਾਠ ਵਿੱਚ ਪਟਿਆਲ਼ਾ ਸ਼ਹਿਰ ਦੇ ਕੁਝ ਪ੍ਰਸਿੱਧ ਦਰਵਾਜ਼ਿਆਂ ਦੇ ਨਾਂ ਆਏ ਹਨ, ਉਹ ਲਿਖੋ :

....

....

6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਪ੍ਰਸਿੱਧ ....

....

ਉੱਤਮ ....

....

ਸ਼ਹੀਦੀ ....

....

ਬਸਤਰ ....

....

ਖ਼ੂਬਸੂਰਤ ....

....

******

ਪਾਠ - 20

ਆਓ ਤੇ ਜਾਓ

ਰਹਿੰਦੇ ਸਨ ਇੱਕ ਪਿੰਡ ਵਿੱਚ, ਦੋ ਭਾਈ-ਭਾਈ।
ਜਾਇਦਾਦ ਜਿਨ੍ਹਾਂ ਦੇ ਬਾਪ ਨੇ ਸੀ, ਬਹੁਤ ਬਣਾਈ।
ਇੱਕ ਦਿਨ ਭਾਣਾ ਵਰਤਿਆ, ਉਹ ਦਿਨ ਵੀ ਆਇਆ।
ਸਭ ਕੁਝ ਇੱਥੇ ਛੱਡ ਕੇ, ਉਹ ਸੁਰਗ ਸਿਧਾਇਆ।

ਕੁਝ ਦਿਨ ਲੰਘੇ ਸੋਗ ਦੇ, ਮਕਾਣਾਂ ਆਈਆਂ।
ਵੰਡ ਲਈ ਜਾਇਦਾਦ ਫਿਰ, ਆਪਸ ਵਿੱਚ ਭਾਈਆਂ।
ਪੈਲ਼ੀ-ਡੰਗਰ ਵੰਡ ਲਏ, ਸਭ ਪੈਸਾ-ਧੇਲੀ।
ਅੱਧੀ-ਅੱਧੀ ਵੰਡ ਲਈ, ਫਿਰ ਦੋਂਹਾਂ ਹਵੇਲੀ।

ਵੱਡੇ ਭਾਈ ਸੋਚਿਆ, ਹੈ ਧਨ ਬਥੇਰਾ।
ਕਰਾਂ ਕੰਮ ਮੈਂ ਕਿਸ ਲਈ, ਕੀ ਥੁੜਿਆ ਮੇਰਾ।
ਕੰਮ ਲਈ ਉਸ ਰੱਖ ਲਏ, ਕੁਝ ਨੌਕਰ-ਚਾਕਰ।
ਆਪ ਰਹਿਣ ਉਹ ਲੱਗ ਪਿਆ, ਸ਼ਾਹਾਂ ਦੇ ਵਾਕੁਰ।

ਛੋਟਾ ਭਾਈ ਬਹੁਤ ਸੀ, ਕਾਮਾ ਤੇ ਸਿਆਣਾ।
ਮਿੱਠਾ ਸਭ ਨੂੰ ਬੋਲਦਾ, ਸਭ ਦੇ ਮਨ-ਭਾਣਾ।
ਨੌਕਰ ਉਸ ਵੀ ਰੱਖ ਲਏ, ਦੋ ਤਕੜੇ ਬੰਦੇ।
ਉਸ ਦੇ ਵਾਂਗ ਹੀ ਮਿਹਨਤੀ, ਜਾਣਨ ਕੰਮ-ਧੰਦੇ।

ਦੋਵੇਂ ਕਾਮੇ ਮਿਹਨਤੀ, ਤੇ ਤੀਜਾ ਭਾਈ।
ਜਾਨ ਤੋੜ ਕੇ ਤਿਹਾਂ ਨੇ, ਕਰੀ ਬਹੁਤ ਕਮਾਈ।
ਓਧਰ ਵੱਡੇ ਭਾਈ ਦਾ, ਹੋ ਗਿਆ ਸਫ਼ਾਇਆ।
ਖੇਤੋਂ ਕੁਝ ਨਾ ਆਇਆ, ਘਰ ਖਾ ਮੁਕਾਇਆ।

ਇੱਕ ਦਿਨ ਤਿੰਨੇ ਜਣੇਂ ਸਨ, ਪਏ ਗੁੱਡਦੇ ਮੱਕੀ।
ਬਾਬਾ ਸੰਤੂ ਆ ਗਿਆ, ਹੱਥ ਸੋਟੀ ਚੱਕੀ।
ਉੱਤੋਂ ਹੁੰਮਸ, ਫ਼ਸਲ ਭੀ ਸੀ, ਗੋਡਿਓਂ ਵੱਡੀ।
ਤਿੰਨਾਂ ਜਣਿਆਂ ਫੇਰ ਵੀ, ਗੋਡੀ ਨਾ ਛੱਡੀ।

ਬਾਬਾ ਸੰਤੂ ਬੋਲਿਆ, ਗੱਲ ਦੱਸ ਇੱਕ ਸ਼ੇਰਾ।
ਦਿੱਤਾ ਤੈਨੂੰ ਰੱਬ ਨੇ, ਸੁੱਖ ਨਾਲ਼ ਬਥੇਰਾ।
ਇੱਕ ਗੱਲ ਦੀ ਅੱਜ ਤੱਕ, ਮੈਨੂੰ ਸਮਝ ਨਾ ਆਈ।
ਭੁੱਖਾ ਕਾਹਤੋਂ ਮਰ ਰਿਹੈ, ਅੱਜ ਤੇਰਾ ਭਾਈ।

ਛੋਟੇ ਆਖਿਆ, "ਬਾਬਾ ਜੀ! ਤੁਸੀਂ ਆਪ ਸਿਆਣੇ।
ਘਰੇ ਬੈਠਿਆਂ ਰੱਬ ਨੇ, ਕਦ ਘੱਲੇ ਦਾਣੇ।
ਬੱਸ, ਇੱਕੋ ਹੀ ਗੱਲ ਹੈ, ਹੋਰ ਫ਼ਰਕ ਨਾ ਦੂਜਾ।
ਉਸ ਲਈ ਕੰਮ ਹਰਾਮ ਹੈ, ਮੇਰੇ ਲਈ ਪੂਜਾ।"

ਉਹ ਕਾਮਿਆਂ ਨੂੰ ਆਖਦੈ, 'ਬਈ ਕੰਮ 'ਤੇ ਜਾਓ'।
ਮੈਂ ਕਾਮਿਆਂ ਨੂੰ ਆਖਦਾਂ, 'ਬਈ ਕੰਮ 'ਤੇ ਆਓ'।
ਕਦੇ ਨਾ ਆਇਆ ਖੇਤ ਵਿੱਚ, ਉਹ ਮਾਰਨ ਗੇੜੇ।
ਮੈਂ ਪਰ ਖੇਤੋਂ ਗਿਆ ਨਹੀਂ, ਬਿਨਾਂ ਕੰਮ ਨਬੇੜੇ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਦੋਂਹਾਂ ਭਰਾਵਾਂ ਨੇ ਅੱਡ ਹੋ ਕੇ ਕੀ ਕੁਝ ਵੰਡਿਆ ?

....

....

(ਅ) ਜਾਇਦਾਦ ਵੰਡਣ ਪਿੱਛੋਂ ਵੱਡੇ ਭਰਾ ਨੇ ਕੀ ਸੋਚਿਆ ?

....

....

(ੲ) ਛੋਟਾ ਭਰਾ ਕਿਹੋ-ਜਿਹਾ ਸੀ ?

....

....

(ਸ) ਬਾਬਾ ਸੰਤੂ ਨੇ ਛੋਟੇ ਭਰਾ ਤੋਂ ਕੀ ਪੁੱਛਿਆ ?

....

....

(ਹ) ਛੋਟੇ ਭਰਾ ਨੇ ਬਾਬਾ ਸੰਤੂ ਨੂੰ ਕੀ ਉੱਤਰ ਦਿੱਤਾ ?

....

....

2. ਹੇਠ ਲਿਖੀਆਂ ਸਤਰਾਂ ਦੇ ਅਰਥ ਆਪਣੇ ਅਧਿਆਪਕ ਜੀ ਤੋਂ ਸਮਝੋ :

ਉਹ ਕਾਮਿਆਂ ਨੂੰ ਆਖਦਾ, 'ਬਈ, ਕੰਮ 'ਤੇ ਜਾਓ'।
ਮੈਂ ਕਾਮਿਆਂ ਨੂੰ ਆਖਦਾਂ, 'ਬਈ, ਕੰਮ 'ਤੇ ਆਓ'।

....

....

....

3. ਪੜ੍ਹੋ ਅਤੇ ਸਮਝੋ :

ਭਾਣਾ ਵਰਤਣਾ	:	ਕੋਈ ਦੁਖਦਾਈ ਘਟਨਾ ਵਾਪਰਨਾ
ਸੁਰਗ ਸਿਧਾਉਣਾ	:	ਮਰ ਜਾਣਾ
ਸਫ਼ਾਇਆ ਹੋਣਾ	:	ਖ਼ਤਮ ਹੋਣਾ
ਜਾਨ ਤੋੜਨਾ	:	ਬਹੁਤ ਸਖ਼ਤ ਮਿਹਨਤ ਕਰਨਾ

4. ਪੜ੍ਹੋ ਸਮਝੋ ਅਤੇ ਲਿਖੋ :

ਬਥੇਰਾ	:	ਬਹੁਤ
ਕਾਹਤੋਂ	:	ਕਿਸ ਲਈ
ਘੱਲੇ	:	....
ਫ਼ਰਕ	:	....

ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਆਪਣੀ ਜਮਾਤ ਦੀ ਹਫ਼ਤਾਵਾਰੀ ਸਭਾ ਵਿੱਚ ਸੁਣਾਓ।

******

ਪਾਠ-21

ਮਿਹਨਤ ਦਾ ਮੁੱਲ

ਈਸ਼ਵਰ ਚੰਦਰ ਵਿੱਦਿਆਸਾਗਰ ਸਾਡੇ ਦੇਸ ਦੇ ਉੱਘੇ ਵਿਦਵਾਨ ਹੋਏ ਹਨ। ਇੱਕ ਵਾਰ ਈਸ਼ਵਰ ਚੰਦਰ ਵਿੱਦਿਆਸਾਗਰ ਬਜ਼ਾਰ ਵਿੱਚੋਂ ਲੰਘ ਰਹੇ ਸਨ। ਉਹ ਇੱਕ ਮੰਗਤੇ ਦੀ ਅਵਾਜ਼ ਸੁਣ ਕੇ ਰੁਕ ਗਏ। ਮੰਗਤਾ ਇੱਕ ਛੋਟੀ ਜਿਹੀ ਉਮਰ ਦਾ ਮੁੰਡਾ ਸੀ। ਉਹਨਾਂ ਨੇ ਮੁੰਡੇ ਵੱਲ ਗਹੁ ਨਾਲ਼ ਤੱਕਿਆ। ਮੁੰਡੇ ਦੇ ਨੈਣ-ਪਰਾਣ ਤਾਂ ਸਬੂਤੇ ਸਨ ਪਰ ਸਰੀਰ ਦਾ ਬੜਾ ਕਮਜ਼ੋਰ ਸੀ। ਵਿੱਦਿਆਸਾਗਰ ਜੀ ਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਉਹ ਮੁੰਡਾ ਸੱਚ-ਮੁੱਚ ਹੀ ਬਹੁਤ ਗ਼ਰੀਬ ਹੈ। ਉਹਨਾਂ ਨੂੰ ਆਪਣੇ ਵੱਲ ਵੇਖਦਿਆਂ ਤੱਕ ਕੇ ਮੁੰਡੇ ਨੇ ਤਰਲਾ ਭਰ ਕੇ ਆਖਿਆ,"ਬਾਬੂ ਜੀ, ਇੱਕ ਪੈਸਾ। ਮੈਂ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ।"

"ਜੇ ਭਲਾ ਮੈਂ ਤੈਨੂੰ ਦੋ ਆਨੇ ਦੇ ਦਿਆਂ ਤਾਂ ਉਹਨਾਂ ਦਾ ਕੀ ਕਰੇਂਗਾ ?" ਵਿੱਦਿਆਸਾਗਰ ਜੀ ਨੇ ਪੁੱਛਿਆ।

ਮੁੰਡੇ ਦੀਆਂ ਅੱਖਾਂ ਵਿੱਚ ਚਮਕ ਆ ਗਈ। ਉਸ ਨੇ ਕਿਹਾ,"ਬਹੁਤ ਮਿਹਰਬਾਨੀ ਹੋਵੇਗੀ, ਬਾਬੂ ਜੀ! ਘਰ ਮੇਰੀ ਮਾਂ ਵੀ ਭੁੱਖੀ ਹੈ। ਅਸੀਂ ਦੋ ਆਨਿਆਂ ਦੇ ਚੌਲ਼ ਲੈ ਕੇ ਰਿੰਨ੍ਹ ਲਵਾਂਗੇ।"

"ਜੇ ਭਲਾ ਮੈਂ ਤੈਨੂੰ ਚਾਰ ਆਨੇ ਦੇ ਦਿਆਂ, ਫਿਰ ?" ਵਿੱਦਿਆਸਾਗਰ ਜੀ ਨੇ ਪੁੱਛਿਆ।

"ਫਿਰ ਕੱਲ੍ਹ ਨੂੰ ਵੀ ਖਾਣ ਨੂੰ ਮਿਲ ਜਾਏਗਾ," ਮੁੰਡੇ ਨੇ ਕਿਹਾ।

"ਜੇ ਅੱਠ ਆਨੇ.......," ਵਿੱਦਿਆਸਾਗਰ ਜੀ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਮੁੰਡਾ ਕੁਝ ਚੁੱਪ ਜਿਹਾ ਹੋ ਗਿਆ। ਉਹ ਸ਼ਾਇਦ ਇਹ ਸੋਚਣ ਲੱਗ ਪਿਆ ਸੀ ਕਿ ਇਹ ਆਦਮੀ ਉਸ ਨਾਲ਼ ਮਖੌਲ ਕਰ ਰਿਹਾ ਹੈ। ਅੱਠ ਆਨੇ ਕਿੰਞ ਦੇਵੇਗਾ ? ਉਸ ਨੂੰ ਤਾਂ ਇੱਕ ਪੈਸਾ ਵੀ ਡਾਢੀ ਮੁਸ਼ਕਲ ਨਾਲ਼ ਮਿਲ਼ਦਾ ਹੈ। ਉਸ ਦੇ ਚੁੱਪ ਹੋਣ ਉੱਤੇ ਵਿੱਦਿਆਸਾਗਰ ਜੀ ਵੀ ਸਮਝ ਗਏ ਕਿ ਭਿਖਾਰੀ ਮੁੰਡਾ ਇਸ ਵੇਲ਼ੇ ਕੀ ਸੋਚ ਰਿਹਾ ਹੈ ? ਇੱਕ ਮਿੰਟ ਲਈ ਚੁੱਪ ਰਹਿ ਕੇ ਬੋਲੇ,"ਦੱਸ ਨਾ, ਕੀ ਕਰੇਂਗਾ ਅੱਠ ਆਨਿਆਂ ਦਾ ?"

ਮੁੰਡਾ ਜ਼ਰਾ ਖਿਝ ਗਿਆ। ਕਹਿਣ ਲੱਗਾ,"ਬਾਬੂ ਜੀ ਕਿਉਂ ਮਖੌਲ ਕਰਦੇ ਓ ? ਜੇ ਮੈਨੂੰ ਗ਼ਰੀਬ ਨੂੰ ਕੁਝ ਦੇਣਾ ਨਹੀਂ ਤਾਂ ਮੇਰੀ ਗ਼ਰੀਬੀ ਦਾ ਮਖੌਲ ਤਾਂ ਨਾ ਉਡਾਓ।"

ਵਿੱਦਿਆਸਾਗਰ ਜੀ ਨੇ ਉਸ ਮੁੰਡੇ ਬਾਰੇ ਜੋ ਸੋਚਿਆ ਸੀ, ਉਹ ਠੀਕ ਨਿਕਲ਼ਿਆ। ਉਹਨਾਂ ਬੜੇ ਠਰ੍ਹੰਮੇ ਨਾਲ਼ ਕਿਹਾ,"ਮੈਂ ਤੈਨੂੰ ਮਖੌਲ ਨਹੀਂ ਕਰਦਾ ਪੁੱਤਰ! ਮੈਂ ਸੱਚਮੁੱਚ ਤੈਨੂੰ ਅੱਠ ਆਨੇ ਨਹੀਂ ਸਗੋਂ ਇੱਕ ਰੁਪਇਆ ਦਿਆਂਗਾ। ਮੈਂ ਤੈਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਉਸ ਰੁਪਏ ਦਾ ਕੀ ਕਰੇਂਗਾ ?"

"ਉਸ ਰੁਪਏ ਦਾ........," ਮੁੰਡੇ ਨੇ ਕੁਝ ਝਿਜਕਦਿਆਂ ਕਿਹਾ,"ਉਸ ਰੁਪਏ ਦਾ........। ਉਸ ਵਿੱਚੋਂ ਅੱਠ ਆਨੇ ਮੈਂ ਆਪਣੀ ਮਾਂ ਨੂੰ ਦਿਆਂਗਾ। ਉਹ ਇਹਨਾਂ ਦੇ ਚੌਲ਼ ਲੈ ਆਵੇਗੀ। ਉਹਨਾਂ ਚੌਲ਼ਾਂ ਨਾਲ਼ ਸਾਡੇ ਚਾਰ ਦਿਨ ਨਿਕਲ਼ ਜਾਣਗੇ। ਬਾਕੀ ਅੱਠ ਆਨਿਆਂ ਦੀ ਮੂੰਗਫਲੀ ਲੈ ਕੇ ਮੈਂ ਛਾਬੜੀ ਲਾ ਲਵਾਂਗਾ। ਉਸ ਵਿੱਚੋਂ ਜੋ ਮੁਨਾਫ਼ਾ ਹੋਵੇਗਾ, ਉਸ ਦੀ ਹੋਰ ਮੂੰਗਫਲੀ ਲੈ ਕੇ ਵੇਚਾਂਗਾ। ਇੰਞ ਸਾਡਾ ਗੁਜ਼ਾਰਾ ਚੱਲਣ ਲੱਗ ਜਾਏਗਾ।"

ਵਿੱਦਿਆਸਾਗਰ ਜੀ ਉਸ ਮੁੰਡੇ ਦਾ ਉੱਤਰ ਸੁਣ ਕੇ ਬਹੁਤ ਖ਼ੁਸ਼ ਹੋਏ। ਉਹਨਾਂ ਆਪਣੀ ਜੇਬ ਵਿੱਚੋਂ ਇੱਕ ਰੁਪਇਆ ਕੱਢ ਕੇ, ਉਸ ਮੁੰਡੇ ਦੇ ਹੱਥ ਫੜਾਇਆ ਤੇ ਉਸ ਦਾ ਮੋਢਾ ਥਾਪੜਦਿਆਂ ਕਿਹਾ,"ਮੇਰੇ ਚੰਗੇ ਪੁੱਤਰ! ਇਵੇਂ ਹੀ ਕਰੀਂ, ਜਿਵੇਂ ਤੂੰ ਕਿਹਾ ਹੈ।" ਇਹ ਕਹਿ ਕੇ ਉਹ ਅਗਾਂਹ ਚਲੇ ਗਏ।

ਇਸ ਤੋਂ ਕੋਈ ਦਸ ਵਰ੍ਹੇ ਬਾਅਦ ਵਿੱਦਿਆਸਾਗਰ ਜੀ ਉਸੇ ਸ਼ਹਿਰ ਵਿੱਚੋਂ ਲੰਘ ਰਹੇ ਸਨ। ਉਹਨਾਂ ਨੂੰ ਇੱਕ ਨੌਜਵਾਨ ਨੇ ਆ ਕੇ ਪੈਰੀਂ ਹੱਥ ਲਾਏ। ਉਸ ਨੌਜਵਾਨ ਨੇ ਚੰਗੇ ਕੱਪੜੇ ਪਾਏ ਹੋਏ ਸਨ। ਵਿੱਦਿਆਸਾਗਰ ਜੀ ਉਸ ਨੂੰ ਪਛਾਣ ਨਾ ਸਕੇ। ਮੱਥਾ ਟੇਕਣ ਪਿੱਛੋਂ ਉਸ ਮੁੰਡੇ ਨੇ ਉਹਨਾਂ ਨੂੰ ਹੱਥ ਜੋੜਦਿਆਂ ਕਿਹਾ,"ਬਾਬੂ ਜੀ! ਮਿਹਰਬਾਨੀ ਕਰਕੇ ਜ਼ਰਾ ਇੱਕ ਮਿੰਟ ਲਈ ਮੇਰੇ ਨਾਲ਼ ਆਓ।" ਉਹ ਇਹ ਕਹਿ ਕੇ ਸਾਹਮਣੀ ਦੁਕਾਨ ਵੱਲ ਵਧਿਆ। ਵਿੱਦਿਆਸਾਗਰ ਜੀ ਵੀ ਉਸ ਦੇ ਪਿੱਛੇ-ਪਿੱਛੇ ਤੁਰ ਪਏ।

ਦੁਕਾਨ ਅੰਦਰ ਜਾ ਕੇ ਉਸ ਨੌਜਵਾਨ ਨੇ ਉਹਨਾਂ ਨੂੰ ਬੜੇ ਸਤਿਕਾਰ ਨਾਲ਼ ਬਿਠਾਉਂਦਿਆਂ ਕਿਹਾ,"ਬਾਬੂ ਜੀ! ਪਛਾਣਿਆ ਨਹੀਂ ਮੈਨੂੰ? ਮੈਂ ਉਹੀ ਭਿਖਾਰੀ ਮੁੰਡਾ ਹਾਂ ਜਿਸ ਨੂੰ ਅੱਜ ਤੋਂ ਬਹੁਤ ਸਾਲ ਪਹਿਲਾਂ ਤੁਸੀਂ ਇੱਕ ਰੁਪਇਆ ਦਿੱਤਾ ਸੀ।" ਹੁਣ ਇਹ ਦੁਕਾਨ ਮੇਰੀ ਹੈ। ਵਿੱਦਿਆਸਾਗਰ ਜੀ ਸਾਰੀ ਗੱਲ ਸਮਝ ਗਏ। ਇਸ ਵੇਲ਼ੇ ਉਹਨਾਂ ਦੇ ਚਿਹਰੇ 'ਤੇ ਅਕਹਿ ਖ਼ੁਸ਼ੀ ਸੀ।

ਚਾਹ-ਪਾਣੀ ਪਿਆਉਣ ਪਿੱਛੋਂ ਉਸ ਨੌਜਵਾਨ ਨੇ ਉਹਨਾਂ ਨੂੰ ਇੱਕ ਹਜ਼ਾਰ ਰੁਪਇਆ ਭੇਟ ਕਰਨਾ ਚਾਹਿਆ। ਵਿੱਦਿਆਸਾਗਰ ਜੀ ਨੇ ਇਹ ਰੁਪਏ ਇਹ ਕਹਿ ਕੇ ਵਾਪਸ ਕਰ ਦਿੱਤੇ,"ਮੇਰੇ ਚੰਗੇ ਪੁੱਤਰ! ਇਹ ਰੁਪਈਏ ਤੂੰ ਆਪਣੇ ਕੋਲ਼ ਰੱਖ। ਜਦੋਂ ਕੋਈ ਲੋੜਵੰਦ ਇਨਸਾਨ ਮਿਲ਼ੇ ਤਾਂ ਉਸ ਦੀ ਸਹਾਇਤਾ ਕਰਨੀ। ਮੈਂ ਬਹੁਤ ਖ਼ੁਸ਼ ਹਾਂ ਕਿ ਤੂੰ ਉਦੋਂ ਮੈਨੂੰ ਜੋ ਵਚਨ ਦਿੱਤਾ ਸੀ, ਉਹ ਨਿਭਾਇਆ ਹੈ। ਇਹ ਦੁਕਾਨ, ਇਹ ਰੁਪਈਏ ਤੇਰੀ ਆਪਣੀ ਮਿਹਨਤ ਦਾ ਮੁੱਲ ਹੈ।"

ਸੱਚ ਮੁੱਚ ਇਹੋ-ਜਿਹੇ ਨੇਕ-ਦਿਲ, ਸਾਦਾ ਤੇ ਵਿਦਵਾਨ ਇਨਸਾਨਾਂ ਕਰਕੇ ਹੀ ਭਾਰਤ ਦਾ ਨਾਂ ਸਾਰੀ ਦੁਨੀਆ ਵਿੱਚ ਸਦਾ-ਸਦਾ ਲਈ ਰੌਸ਼ਨ ਰਹੇਗਾ।

ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਈਸ਼ਵਰ ਚੰਦਰ ਵਿੱਦਿਆਸਾਗਰ ਕੌਣ ਸਨ?

....

....

(ਅ) ਈਸ਼ਵਰ ਚੰਦਰ ਵਿੱਦਿਆਸਾਗਰ ਜੀ ਨੇ ਭਿਖਾਰੀ ਮੁੰਡੇ ਨੂੰ ਕਿੰਨੇ ਰੁਪਏ ਦੇਣ ਦਾ ਵਾਇਦਾ ਕੀਤਾ?

....

....

(ੲ) ਭਿਖਾਰੀ ਮੁੰਡੇ ਨੇ ਉਸ ਰੁਪਏ ਨੂੰ ਕਿੰਞ ਖ਼ਰਚਣ ਬਾਰੇ ਦੱਸਿਆ?

....

....

(ਸ) ਦੁਕਾਨ ਅੰਦਰ ਜਾ ਕੇ ਨੌਜਵਾਨ ਨੇ ਵਿੱਦਿਆਸਾਗਰ ਜੀ ਨੂੰ ਕੀ ਕਿਹਾ?

....

....

(ਹ) ਨੌਜਵਾਨ ਨੇ ਵਿੱਦਿਆਸਾਗਰ ਜੀ ਨੂੰ ਕੀ ਦੇਣਾ ਚਾਹਿਆ?

....

....

(ਕ) ਵਿੱਦਿਆਸਾਗਰ ਜੀ ਨੇ ਰੁਪਏ ਕੀ ਕਹਿ ਕੇ ਵਾਪਸ ਕਰ ਦਿੱਤੇ?

....

....

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਮੁੰਡੇ ਦੇ ਨੈਣ-ਪ੍ਰਾਣ ਤਾਂ ਸਬੂਤੇ ਸਨ ਪਰ ਸਰੀਰ ਦਾ ਬੜਾ .... ਸੀ।

(ਅ) ਮੁੰਡੇ ਦੀਆਂ ਅੱਖਾਂ ਵਿੱਚ .... ਆ ਗਈ।

(ੲ) ਜੇ ਮੈਨੂੰ ਗ਼ਰੀਬ ਨੂੰ ਕੁਝ ਦੇਣਾ ਨਹੀਂ ਤਾਂ ਮੇਰੀ .... ਦਾ ਮਖੌਲ ਤਾਂ ਨਾ ਉਡਾਓ।

(ਸ) ਵਿੱਦਿਆਸਾਗਰ ਜੀ ਦੇ ਚਿਹਰੇ 'ਤੇ ਅਕਹਿ .... ਸੀ।

(ਹ) ਜਦੋਂ ਕੋਈ ਲੋੜਵੰਦ ਇਨਸਾਨ ਮਿਲੇ ਤਾਂ ਉਸ ਦੀ .... ਕਰਨੀ।

(ਖ਼ੁਸ਼ੀ, ਸਹਾਇਤਾ, ਕਮਜ਼ੋਰ, ਚਮਕ, ਗ਼ਰੀਬੀ)

3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਬਾਬੂ ਜੀ, ਇੱਕ ਪੈਸਾ! ਮੈਂ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ।"

....

(ਅ) "ਜੇ ਭਲਾ ਮੈਂ ਤੈਨੂੰ ਚਾਰ ਆਨੇ ਦੇ ਦਿਆਂ, ਫਿਰ?"

....

(ੲ) "ਮੇਰੇ ਚੰਗੇ ਪੁੱਤਰ! ਇਵੇਂ ਹੀ ਕਰੀਂ, ਜਿਵੇਂ ਤੂੰ ਕਿਹਾ ਹੈ।'

....

(ਸ) "ਬਾਬੂ ਜੀ! ਮਿਹਰਬਾਨੀ ਕਰਕੇ ਜ਼ਰਾ ਇੱਕ ਮਿੰਟ ਲਈ ਮੇਰੇ ਨਾਲ਼ ਆਓ।"

....

(ਹ) "ਇਹ ਦੁਕਾਨ, ਰੁਪਇਆ, ਤੇਰੀ ਆਪਣੀ ਮਿਹਨਤ ਦਾ ਮੁੱਲ ਹੈ।"

....

4. ਪੜ੍ਹੋ ਅਤੇ ਸਮਝੋ :

ਵਿਦਵਾਨ : ਜਿਸ ਨੇ ਵਿੱਦਿਆ ਪੜ੍ਹੀ ਹੋਵੇ, ਪੰਡਤ

ਮਖੌਲ : ਮਜ਼ਾਕ, ਹਾਸਾ

ਠਰ੍ਹੰਮਾ : ਧੀਰਜ, ਟਿਕਾਅ

ਮੁਨਾਫ਼ਾ : ਲਾਭ, ਫ਼ਾਇਦਾ ਹੋਣਾ

ਅਗਾਂਹ	:	ਅੱਗੇ
ਸਤਿਕਾਰ	:	ਇੱਜ਼ਤ, ਆਦਰ
ਅਕਹਿ	:	ਜੋ ਕਿਹਾ ਨਾ ਜਾ ਸਕੇ
ਸਹਾਇਤਾ	:	ਮਦਦ

5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਮਿਹਨਤ ....

ਮਿਹਰਬਾਨੀ ....

ਲੋੜਵੰਦ ....

ਸਹਾਇਤਾ ....

ਰੋਸ਼ਨ ....

******

ਪਾਠ - 22

ਪਾਣੀ

ਬਰਫ਼ ਪਰਬਤੀਂ ਖੁਰ-ਖੁਰ ਕੇ,
ਠੰਢ, ਕੱਕਰ ਵਿੱਚ ਠੁਰ-ਠੁਰ ਕੇ।
ਬੂੰਦ-ਬੂੰਦ ਬਣ ਤੁਰ-ਤੁਰ ਕੇ,
ਵਿੱਚ ਦਰਿਆਵਾਂ ਆਉਂਦਾ ਹਾਂ,
ਮੈਂ ਸਭ ਦੀ ਪਿਆਸ ਬੁਝਾਉਂਦਾ ਹਾਂ।

ਮੈਥੋਂ ਹੀ ਬੱਦਲ਼ ਬਣ-ਬਣ ਕੇ,
ਮੀਂਹ ਵਰਸਾਉਂਦੇ ਕਣ-ਕਣ 'ਤੇ।
ਬਨਸਪਤੀ ਹੋਵੇ ਹਰੀ-ਭਰੀ,
ਜਦ ਧਰਤੀ ਵਿੱਚ ਸਮਾਉਂਦਾ ਹਾਂ।

ਕਦੇ ਕੱਸੀਆਂ ਵਿੱਚ, ਕਦੇ ਕੰਦਰਾਂ ਵਿੱਚ,
ਕਦੇ ਨਦੀਆਂ, ਕਦੇ ਸਮੁੰਦਰਾਂ ਵਿੱਚ।
ਕਦੇ ਝਰਨੇ ਵਿੱਚ ਪਹਾੜਾਂ ਦੇ,
ਮੈਂ ਝਰ-ਝਰ ਕਰਦਾ ਆਉਂਦਾ ਹਾਂ।

ਕਦੇ ਚਸ਼ਮਿਆਂ ਵਿੱਚ, ਕਦੇ ਖੂਹਾਂ ਵਿੱਚ,
ਕਿਤੇ ਹਰੀਆਂ-ਭਰੀਆਂ ਜੂਹਾਂ ਵਿੱਚ।
ਫਲ਼, ਫੁੱਲ, ਫ਼ਸਲਾਂ ਉਪਜਾਵਣ ਲਈ,
ਮੈਂ ਧਰਤੀ ਵਿੱਚੋਂ ਆਉਂਦਾ ਹਾਂ।

ਮੇਰੇ ਸਦਕੇ ਹੀ ਇਹ ਪ੍ਰਾਣੀ ਹੈ,
ਜੀਵਨ ਨਾਲ਼ ਸਾਂਝ ਪੁਰਾਣੀ ਹੈ।
ਉਦੋਂ ਖਾਰਾ-ਤੱਤਾ ਹੋ ਜਾਵਾਂ,
ਜਦੋਂ ਨੈਣਾਂ ਦੇ ਵਿੱਚ ਆਉਂਦਾ ਹਾਂ।
ਮੈਂ ਸਭ ਦੀ ਲੋਅ ਜਗਾਉਂਦਾ ਹਾਂ,
ਮੈਂ ਸਭ ਦੀ ਪਿਆਸ ਬੁਝਾਉਂਦਾ ਹਾਂ।

ਪਾਠ-ਅਭਿਆਸ

1. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

(ੳ) ਵਿੱਚ ਦਰਿਆਵਾਂ ਆਉਂਦਾ ਹਾਂ,

....।

(ਅ) ਬਨਸਪਤੀ ਹੋਵੇ ਹਰੀ-ਭਰੀ,

....।

(ੲ) ਕਦੇ ਝਰਨੇ ਵਿੱਚ ਪਹਾੜਾਂ ਦੇ,

....।

(ਸ) ਫਲ਼, ਫੁੱਲ, ਫ਼ਸਲਾਂ ਉਪਜਾਵਣ ਲਈ,

....।

2. ਪੜ੍ਹੋ ਅਤੇ ਸਮਝੋ :

ਪਰਬਤ : ਪਹਾੜ

ਕੱਕਰ : ਠੰਢ

ਬਨਸਪਤੀ	:	ਬਿਰਖ-ਬੂਟੇ, ਹਰਿਆਵਲ
ਕੱਸੀ	:	ਨਹਿਰ ਵਿੱਚੋਂ ਕੱਢਿਆ ਵੱਡਾ ਖਾਲ਼ ਜਾਂ ਸੂਆ, ਜਿਸ ਨਾਲ਼ ਖੇਤਾਂ ਨੂੰ ਪਾਣੀ ਪੁਚਾਇਆ ਜਾਂਦਾ ਹੈ।
ਕੰਦਰ	:	ਗੁਫਾ, ਪਹਾੜ ਵਿੱਚ ਦਾ ਖੱਪਾ
ਜੂਹ	:	ਚਰਾਂਦ, ਘਰਾਂ ਦੇ ਕੋਲ਼ ਰੜੀ ਥਾਂ, ਡੰਗਰਾਂ ਦੇ ਚਰਨ ਦੀ ਥਾਂ
ਪ੍ਰਾਣੀ	:	ਜੀਵ, ਮਨੁੱਖ
ਸਾਂਝ	:	ਭਿਆਲ਼ੀ, ਸ਼ਰੀਕਤ, ਹਿੱਸੇਦਾਰੀ
ਨੈਣਾਂ	:	ਅੱਖਾਂ
ਲੋਅ	:	ਚਾਨਣ, ਨਜ਼ਰ

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਪਿਆਸ ....

ਬੱਦਲ਼ ....

ਮੀਂਹ ....

ਧਰਤੀ ....

ਜੀਵਨ ....

4. ਸੁੰਦਰ ਕਰਕੇ ਲਿਖੋ :

ਮੇਰੇ ਸਦਕੇ ਹੀ ਇਹ ਪ੍ਰਾਣੀ ਹੈ,

ਜੀਵਨ ਨਾਲ਼ ਸਾਂਝ ਪੁਰਾਣੀ ਹੈ।

ਉਦੋਂ ਖਾਰਾ-ਤੱਤਾ ਹੋ ਜਾਵਾਂ,

ਜਦੋਂ ਨੈਣਾਂ ਦੇ ਵਿੱਚ ਆਉਂਦਾ ਹਾਂ।

ਮੈਂ ਸਭ ਦੀ ਲੋਅ ਜਗਾਉਂਦਾ ਹਾਂ,

ਮੈਂ ਸਭ ਦੀ ਪਿਆਸ ਬੁਝਾਉਂਦਾ ਹਾਂ।

....

....

....

....

....

....

ਪਾਣੀ ਹੀ ਜੀਵਨ ਹੈ।

******

ਪਾਠ - 23

ਮੇਰੇ ਨਿਸ਼ਾਨੇ

ਮੈਂ ਭਾਰਤ ਦੀ ਸ਼ਾਨ ਬਣਾਂਗਾ,
ਭਾਵੇਂ ਅੱਜ ਹਾਂ ਛੋਟਾ ਬੱਚਾ।
ਪਰ ਮੈਂ ਕਦੇ ਮਹਾਨ ਬਣਾਂਗਾ,
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਕਰਕੇ ਮਨ ਦੇ ਨਾਲ਼ ਪੜ੍ਹਾਈ,
ਉੱਚੀ-ਉੱਚੀ ਵਿੱਦਿਆ ਪਾ ਕੇ।
ਪੂਰੀ ਭਰਵੀਂ ਮਿਹਨਤ ਕਰਕੇ,
ਸੂਝ ਵਧਾ ਕੇ, ਗਿਆਨ ਵਧਾ ਕੇ।

ਮੈਂ ਚੰਗਾ ਵਿਦਵਾਨ ਬਣਾਂਗਾ,
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਮੇਰੀਆਂ ਅੱਖਾਂ ਦੇ ਵਿੱਚ ਰਹਿਸਣ,
ਦੇਸ ਮੇਰੇ ਦੇ ਹੱਦਾਂ-ਬੰਨੇ।
ਤੱਕੇਗਾ ਨਾ ਮੇਰੇ ਹੁੰਦਿਆਂ,
ਕੋਈ ਮੇਰੇ ਭਾਰਤ ਵੰਨੇ।

ਮੈਂ ਫ਼ੌਜੀ ਕਪਤਾਨ ਬਣਾਂਗਾ,
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਹਿੰਦੂ, ਮੁਸਲਿਮ, ਸਿੱਖ, ਈਸਾਈ,
ਮੈਨੂੰ ਕੋਈ ਨਹੀਂ ਪਰਾਇਆ।
ਲੱਗਦਾ ਮੈਨੂੰ ਆਪਣਿਆਂ ਵਾਂਗਰ,
ਹਰ ਇੱਕ ਭਾਰਤ ਮਾਂ ਦਾ ਜਾਇਆ।

ਮੈਂ ਭਾਰਤ ਦੀ ਜਿੰਦ-ਜਾਨ ਬਣਾਂਗਾ।
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਸੌਂਪ ਦਏਗੀ ਜੋ ਕੰਮ ਮੈਨੂੰ,
ਭਾਰਤ ਮਾਤਾ ਯੋਗ ਬਣਾ ਕੇ।
ਉਹੀ ਮੇਰਾ ਧਰਮ ਬਣੇਗਾ,
ਤੋੜ ਚੜ੍ਹਾਂਸਾ ਤਨ-ਮਨ ਲਾ ਕੇ।

ਮੈਂ ਚੰਗੀ ਸੰਤਾਨ ਬਣਾਂਗਾ,
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਇੱਕੋ ਨੂਰ ਹੈ ਸਭਨਾਂ ਅੰਦਰ,
ਝੂਠੀਆਂ ਨੇ ਸਭ ਜਾਤਾਂ-ਪਾਤਾਂ।
ਉੱਡ ਜਾਣੇ ਨੇ ਮੈਨੂੰ ਤੱਕ ਕੇ,
ਊਚ-ਨੀਚਤਾ, ਛੂਤਾਂ-ਛਾਤਾਂ।

ਮੈਂ ਐਸਾ ਤੂਫ਼ਾਨ ਬਣਾਂਗਾ,
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਪਾਠ-ਅਭਿਆਸ

1. **ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :**

(ੳ) ਭਾਵੇਂ ਅੱਜ ਹਾਂ ਛੋਟਾ ਬੱਚਾ,

....।

(ਅ) ਤੱਕੇਗਾ ਨਾ ਮੇਰੇ ਹੁੰਦਿਆਂ,

....।

(ੲ) ਲੱਗਦਾ ਮੈਨੂੰ ਆਪਣਿਆਂ ਵਾਂਗਰ,

....।

(ਸ) ਇੱਕੋ ਨੂਰ ਹੈ ਸਭਨਾਂ ਅੰਦਰ,

....।

2. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲਾਓ :

ਭਾਰਤ	ਮਨ
ਫ਼ੌਜੀ	ਛਾਤ
ਊਚ	ਬੰਨੇ
ਤਨ	ਪਾਤਾਂ
ਛੂਤ	ਨੀਚ
ਹੱਦਾਂ	ਕਪਤਾਨ
ਜਾਤਾਂ	ਮਾਂ

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਸ਼ਾਨ ....

ਮਹਾਨ ....

ਗਿਆਨ ....

ਮਿਹਨਤ ....

ਪਰਾਇਆ ....

4. ਸੁੰਦਰ ਕਰਕੇ ਲਿਖੋ :

ਹਿੰਦੂ, ਮੁਸਲਿਮ, ਸਿੱਖ, ਈਸਾਈ,
ਮੈਨੂੰ ਕੋਈ ਨਹੀਂ ਪਰਾਇਆ।

ਲੱਗਦਾ ਮੈਨੂੰ ਆਪਣਿਆਂ ਵਾਂਗਰ,
ਹਰ ਇੱਕ ਭਾਰਤ ਮਾਂ ਦਾ ਜਾਇਆ।

....

....

....

....

ਇਸ ਕਵਿਤਾ ਵਿਚਲਾ ਵਿਦਿਆਰਥੀ ਕਿਹੜੇ-ਕਿਹੜੇ ਢੰਗਾਂ ਨਾਲ਼ ਭਾਰਤ ਦੀ ਸ਼ਾਨ ਵਧਾਉਣਾ ਚਾਹੁੰਦਾ ਹੈ? ਆਪਣੇ ਅਧਿਆਪਕ ਜੀ ਨੂੰ ਦੱਸੋ।

******